ਸਿਖ ਲੋਕ-ਇਤਿਹਾਸ

(੧੬੯੯—੧੭੬੩ ਈਸਵੀ)

ਸੂਰਨ ਸਿਰਮੌਰ

# ਬਾਬਾ ਸੁਖਾ ਸਿੰਘ ਤਰਖਾਣ

ਪਿੰਡ ਮਾੜੀ ਕੰਬੋਕੇ (ਜ਼ਿਲਾ ਅੰਮ੍ਰਿਤਸਰ) ਕਰੋੜਸਿੰਘੀਆ ਮਿਸਲ

ਅਤੇ

ਅਮਰ ਸ਼ਹੀਦ

# ਮਤਾਬ ਸਿੰਘ ਭੰਗੂ (ਗੋਤਰ) ਜੱਟ

ਪਿੰਡ ਮੀਰਾਂ ਕੋਟ (ਜ਼ਿਲਾ ਅੰਮ੍ਰਿਤਸਰ)

ਦੇ

## ਅਦੁਤੀ ਕਾਰਨਾਮੇ

(ਸ੍ਰੀ ਗੁਰੂ-ਪੰਥ ਪ੍ਰਕਾਸ਼ ਗਰੰਥ ਵਿਚੋਂ, ੧੮੪੨ ਈਸਵੀ)

ਸੰਪਾਦਕ :

ਭਾਈ ਨਾਹਰ ਸਿੰਘ, ਐਮ.ਏ.

ਭਾਈ ਕ੍ਰਿਪਾਲ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਿਖ ਲੋਕ-ਇਤਿਹਾਸ

(੧੬੯੯—੧੭੬੩ ਈਸਵੀ)

ਸੂਰਨ ਸਿਰਮੌਰ

# ਬਾਬਾ ਸੁਖਾ ਸਿੰਘ ਤਰਖਾਣ

ਪਿੰਡ ਮਾੜੀ ਕੰਬੋਕੇ (ਜ਼ਿਲਾ ਅੰਮ੍ਰਿਤਸਰ) ਕਰੋੜਸਿੰਘੀਆ ਮਿਸਲ

ਅਤੇ

ਅਮਰ ਸ਼ਹੀਦ

# ਮਤਾਬ ਸਿੰਘ ਭੰਗੂ (ਗੋਤਰ) ਜੱਟ

ਪਿੰਡ ਮੀਰਾਂ ਕੋਟ (ਜ਼ਿਲਾ ਅੰਮ੍ਰਿਤਸਰ)

ਦੇ

## ਅਦੁਤੀ ਕਾਰਨਾਮੇ

(ਸ੍ਰੀ ਗੁਰੂ-ਪੰਥ ਪ੍ਰਕਾਸ਼ ਗਰੰਥ ਵਿਚੋਂ, ੧੯੪੨ ਈਸਵੀ)

ਸੰਪਾਦਕ :

ਭਾਈ ਨਾਹਰ ਸਿੰਘ, ਐਮ.ਏ.

ਭਾਈ ਕ੍ਰਿਪਾਲ ਸਿੰਘ

Digitized by Panjab Digital Library | www.panjabdigilib.org

© ਬਾਬਾ ਵਿਰਸਾ ਸਿੰਘ ਜੀ ਸਾਹਿਬ,
'ਗੋਬਿੰਦ ਸਦਨ'
ਗਦਾਈਪੁਰ, ਮਹਰੌਲੀ, ਨਵੀਂ ਦਿੱਲੀ

ਪ੍ਰਕਾਸ਼ਕ : ਭਾਈ ਨਾਹਰ ਸਿੰਘ, ਐਮ.ਏ.
ਭਾਈ ਕ੍ਰਿਪਾਲ ਸਿੰਘ
(ਗੋਬਿੰਦ ਸਦਨ)

ਸਿੱਖ ਧਰਮ ਅਤੇ ਇਤਿਹਾਸ ਦੇ
ਪਾਠਕਾਂ ਦੇ ਵਾਚਣ ਲਈ **ਮੁਫ਼ਤ ਭੇਟਾ**

ਵਲੋਂ : ਸ੍ਰੀ ਕਰਤਾਰ ਸਿੰਘ

**ਸ: ਕਰਤਾਰ ਸਿੰਘ**
ਮਾਲਕ, ਕਰਤਾਰ ਫ਼ਰਨੀਚਰ ਹਾਊਸ,
ਫ਼ਰਨੀਚਰ ਮਾਰਕੀਟ, ਸੈਕਟਰ 34, ਚੰਡੀਗੜ੍ਹ ।

ਸਿਤੰਬਰ 1989 : 1000 ਕਾਪੀ

ਛਾਪਕ : ਸ੍ਰੇਸ਼ਟ ਪ੍ਰਿੰਟਰਜ਼
ਐਸ. ਸੀ. ਐਫ. 54 (ਬੇਸਮੈਂਟ),
ਫੇਸ 7, ਮੋਹਾਲੀ ।

Digitized by Panjab Digital Library | www.panjabdigilib.org

# ਸ਼੍ਰੀ ਗੁਰੂ-ਪੰਥ ਪ੍ਰਕਾਸ਼ ਗਰੰਥ

ਬਾਰੇ

# ਕੁਝ ਜਾਣਕਾਰੀ

ਅਠ੍ਹਾਰਵੀਂ ਸਦੀ ਦੇ ਪਹਿਲੇ ੬੩ ਸਾਲਾਂ ਵਿਚ ਖਾਲਸਾ ਪੰਥ ਦੀ ਨੀਂਵ (੧੬੯੯ ਈਸਵੀ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ਼ (੧੬੬੫-੧੯੦੮ ਈਸਵੀ) ਨਾਨਕ ਪੰਥ ਦੇ ਦਸਵੇਂ ਅਤੇ ਅਖੀਰੀ ਗੁਰੂ ਦੇ ਖੰਡਾ ਪਾਹੁਲ ਦੀ ਮਰਯਾਦਾ ਅਨੁਸਾਰ ਸਜੇ ਖਾਲਸਿਆਂ ਵਿਚੋਂ ਹਿੰਦੋਸਤਾਨ ਦੀ ਉਸ ਸਮੇਂ ਦੀ ਬਦੇਸ਼ੀ ਮੁਗਲੀਆ ਖਾਨਦਾਨ ਦੇ ਬਾਦਸ਼ਾਹਾਂ ਦੀ ਹਕੂਮਤ ਦੇ ਹਾਕਮਾਂ ਨੇ ਸਵਾ ਲੱਖ ਦੇ ਲਗਭਗ ਸਿੰਘ ਸਿੰਘਣੀਆਂ ਅਤੇ ਬੱਚੇ ਕਤਲ ਕੀਤੇ ਅਥਵਾ ਸਿੱਖਾਂ ਦੀ ਆਪਣੀ ਬੋਲੀ ਅਨੁਸਾਰ ਸ਼ਹੀਦੀਆਂ ਪ੍ਰਾਪਤ ਕੀਤੀਆਂ ਇਨ੍ਹਾਂ ਸ਼ਹੀਦਾਂ ਦੀ ਪਹਿਲੀ ਪਾਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਜਯ ਮਾਤਾ ਜੀ, ਅਤੇ ਚਾਰੇ ਸਾਹਿਬਜ਼ਾਦੇ ਸਸ਼ੋਭਤ ਹਨ।

ਇਨ੍ਹਾਂ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਵਿਚੋਂ ਦੋ ਉਘੇ ਵਿਅਕਤੀਆਂ ਸ਼ਹੀਦ ਸੁਖਾ ਸਿੰਘ ਤਰਖਾਣ, ਪਿੰਡ ਮਾੜੀ ਕੰਬੋਕੇ ਨਜਦੀਕ ਖਾਲੜਾ ਜਿਲਾ ਅੰਮ੍ਰਿਤਸਰ ਅਤੇ ਸ਼ਹੀਦ ਮਤਾਬ ਸਿੰਘ ਪਿੰਡ ਮੀਰਾਂਕੋਟ ਨਜ਼ਦੀਕ ਕਸਬਾ ਮਜੀਠਾ ਜਿਲਾ ਅੰਮ੍ਰਿਤਸਰ ਦੇ ਅਦੁੱਤੀ ਸੂਰਬੀਰਤਾ ਭਰੇ ਕਾਰਨਾਮਿਆਂ ਦੀਆਂ ਕਥਾਵਾਂ ਦੀ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਹੈ।

ਇਨ੍ਹਾਂ ਕਾਰਨਾਮਿਆਂ ਨੂੰ ਲਿਖਣ ਵਾਲੇ ਸ਼ਹੀਦ ਮਤਾਬ ਸਿੰਘ ਜੀ ਦੇ ਪੋਤਰੇ ਸਰਦਾਰ ਰਤਨ ਸਿੰਘ ਭੰਗੂ ਗੋਤਰ ਜੱਟ, ਪਿੰਡ ਸੈਦਪੁਰ ਭੜੀ, ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ ਅਤੇ ਮੇਰੇ ਜਮਾਤੀ ਅਤੇ ਮਿੱਤ੍ਰ ਗੁਰਪੁਰਵਾਸੀ ਸਰਦਾਰ ਗਿਆਨ ਸਿੰਘ ਪ੍ਰਸਿੱਧ ਰਾੜੇ-ਵਾਲਾ (੧੯੦੪-੧੯੬੮) ਦੇ ਵਡੇਰੇ ਸਨ ਅਸਲ ਵਿਚ ਗਿਆਨ ਸਿੰਘ ਜੀ ਕਰੋੜਸਿੰਘੀਆਂ ਮਿਸਲ ਦੇ ਚਮਕਦੇ ਸਿਤਾਰੇ ਸਨ। ਸਰਦਾਰ ਰਤਨ ਸਿੰਘ ਨੇ ਇਹ ਕਥਾਵਾਂ ਸੰਨ ੧੮੪੨ ਵਿਚ ਅਜ ਤੋਂ ੧੪੭ ਸਾਲ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਬਜ਼ੁਰਗ ਕਰੋੜਸਿੰਘੀਆ ਮਿਸਲ ਦੇ ਮੋਢੀ ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਨਜ਼ਦੀਕ ਖਾਲੜਾ ਜਿਲਾ ਅੰਮ੍ਰਿਤਸਰ ਵਾਲੇ ਬੁੰਗੇ ਵਿਚ ਬੈਠਕੇ ਲਿਖੀਆਂ ਅਤੇ ਇਸ ਪਸਤਕ ਦਾ ਨਾਮ ਸ੍ਰੀ ਗੁਰੂ-ਪੰਥ ਪ੍ਰਕਾਸ਼ ਗ੍ਰੰਥ ਰਖਿਆ। ਗੁਰੂ ਪੰਥ ਤੋਂ ਮਤਲਬ 'ਖਾਲਸਾ ਪੰਥ" ਹੈ।

ਸ਼ਾਮ ਸਿੰਘ ਜੀ ਦੀ ਇਕੋ ਇਕ ਪੁਤਰੀ ਸੀ ਅਤੇ ਉਨ੍ਹਾਂ ਨੇ ਸ਼ਹੀਦ ਸੁੱਖਾ ਸਿੰਘ ਨੂੰ ਆਪਣਾ ਪੁਤਰੈਲ ਜਾਂ ਮੁਤਬੰਨਾ ਬਣਾਇਆ ਹੋਇਆ ਸੀ। ਮਤਾਬ ਸਿੰਘ ਹੁਰੀਂ ਨੇ ਆਪਣੇ ਪਰਮ ਮਿਤਰ ਭਾਈ ਤਾਰੂ ਸਿੰਘ ਦੇ ਮੁਸਲਮਾਨ ਹਾਕਮਾਂ ਵਲੋਂ ਫੜੇ ਜ਼ਾਣ ਪਿਛੋਂ

Digitized by Panjab Digital Library | www.panjabdigilib.org

ਆਪਣੇ ਆਪ ਹੀ ਲਾਹੌਰ ਪਹੁੰਚ ਕੇ ਹਾਕਮਾਂ ਦੇ ਹਵਾਲੇ ਕਰ ਦਿਤਾ ਸੀ। ਗੱਲ ਇਉਂ ਸੀ ਕਿ ਦੋਨਾਂ ਮਿਤਰਾਂ ਕੌਲ ਕਰਾਰ ਇਕੱਠੇ ਸ਼ਹੀਦੀਆਂ ਪਾਉਣ ਦੇ ਕੀਤੇ ਹੋਏ ਸਨ। ਭਾਈ ਤਾਰੂ ਸਿੰਘ ਕੋਲ ਲਾਹੌਰ ਪਹੁੰਚਣ ਲਈ ਤੁਰਨ ਤੋਂ ਪਹਿਲਾਂ ਆਪਣੇ ਪੁੱਤਰ ਰਾਏ ਸਿੰਘ ਨੂੰ ਸੁੱਖਾ ਸਿੰਘ ਦੀ ਗੱਦੀ ਵਿਚ ਪਾ ਦਿੱਤਾ। ਸੁੱਖਾ ਸਿੰਘ ਦੀ ਆਪਣੀ ਔਲਾਦ ਕੋਈ ਨਹੀਂ ਸੀ। ਉਹ ਮਿੱਤਰ ਦੀ ਅਮਾਨਤ ਨੂੰ ਆਪਣੀ ਜਾਨ ਨਾਲੋਂ ਪਿਆਰੀ ਕਰਕੇ ਰਖਦੇ ਸਨ ਅਤੇ ਕਦੀ ਵੀ ਰਾਏ ਸਿੰਘ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦੇ ਸਨ। ਬਾਬਾ ਸ਼ਾਮ ਸਿੰਘ ਜੀ ਨੇ ਜਦ ਆਪਣੀ ਇਕਲੌਤੀ ਪਿਆਰੀ ਪੁਤਰੀ ਦੇ ਵਿਆਹ ਦੀ ਗੱਲ ਆਪਣੇ ਮੂੰਹ ਬੋਲੇ ਪੁੱਤਰ ਸੁੱਖਾ ਸਿੰਘ ਨਾਲ ਕੀਤੀ, ਤਦ ਸੁੱਖਾ ਸਿੰਘ ਨੇ ਆਪਣੀ ਮੂੰਹ ਬੋਲੀ ਭੈਣ ਦੀ ਸ਼ਾਦੀ ਰਾਏ ਸਿੰਘ ਨਾਲ ਕਰਨ ਲਈ ਅਰਜ਼ ਕੀਤੀ। ਬਾਬਾ ਸ਼ਾਮ ਸਿੰਘ ਨੇ ਸਲਾਹ ਮੰਨ ਕੇ ਬੀਬੀ ਲਛਮੀ ਨੂੰ ਰਾਏ ਸਿੰਘ ਨਾਲ ਵਿਆਹ ਦਿੱਤਾ ਅਤੇ ਨਾਲ ਦੀ ਨਾਲ ਹੀ ਸੈਦਪੁਰ ਭੜੀ ਤੱਪੇ ਜ਼ਿਲ੍ਹਾ ਲੁਧਿਆਣਾ ਦੇ ਅਠ ਪਿੰਡਾਂ ਦੀ ਮਲਕੀਅਤ ਅਤੇ ਕਰੋੜਸਿੰਘੀਆ ਮਿਸਲ ਦਾ ਘਰ-ਜਵਾਈ ਆਗੂ ਬਣਾ ਦਿਤਾ। ਮਿਸਲ ਦੀ ਅਗਵਾਲੀ ਅਤੇ ਸਭ ਕੰਮਾਂ ਦੀ ਸਰਬਰਾਹੀ ਮੁਤਬੰਨਾ ਪੁੱਤਰ ਸੁਖਾ ਸਿੰਘ ਨੂੰ ਸੰਭਾਲੀ। ਸਾਡੇ ਸਮੇਂ ਸਰਦਾਰ ਗਿਆਨ ਸਿੰਘ ਰਾੜੇਵਾਲਾ ਇਸ ਵੰਸ਼ ਦੇ ਚਮਕਦੇ ਸਿਤਾਰੇ ਸਨ।

ਸ਼ਹੀਦ ਮਤਾਬ ਸਿੰਘ ਦੀ ਮੀਰਾਂ ਕੋਟ ਵਾਲੀ ਸ਼ਾਖ ਉਨ੍ਹਾਂ ਦੇ ਦੂਸਰੇ ਪੁਤਰ ਦਿਆਲ ਸਿੰਘ ਤੋਂ ਚੱਲੀ। ਉਸਦਾ ਹਿਠਾੜ-ਸਤਜ ਵਾਲੀ ਇਸ ਸ਼ਾਖ ਨਾਲ ਮਲਕੀਅਤ ਸੰਬੰਧੀ ਕੋਈ ਵਾਸਤਾ ਨਹੀਂ ਰਿਹਾ।

ਸਰਦਾਰ ਰਤਨ ਸਿੰਘ ਦੇ ਲਿਖੇ ਅਨੁਸਾਰ ਇਸ ਗ੍ਰੰਥ ਵਿਚ ਅੰਕਤ ਕੀਤੇ ਗਏ ੨੦੦ ਪਰਸੰਗ ਅਤੇ ਕਥਾਵਾਂ ਲੁਧਿਆਣਾ ਵਿਚ ਈਸਟ ਇੰਡੀਆ ਕੰਪਨੀ ਦੀ ੧੮੦੯ ਤੋਂ ਅਸਥਾਪਤ ਕੀਤੀ ਹੋਈ ਰੈਜ਼ੀਡੈਨਸੀ ਦੇ ਇਕ ਅੰਗਰੇਜ਼ ਅਫਸਰ ਕੈਪਟਨ ਮਿਸਟਰ ਵਿਲੀਅਮ ਮਰੇ ਨੂੰ ੧੮੨੨ ਤੋਂ ੧੮੨੭ ਦੇ ਵਿਚਕਾਰਲੇ ਸਮੇਂ ਵਿਚ ਸੁਣਾਏ ਗਏ ਸਨ।

ਇਸ ਗ੍ਰੰਥ ਸੰਬੰਧੀ ਪ੍ਰਸਿਧ ਅਤੇ ਪਹਿਲੇ ਸਿਖ ਇਤਿਹਾਸ ਖੋਜੀ ਗੁਰਪੁਰਵਾਸੀ ਸਰਦਾਰ ਕਰਮ ਸਿੰਘ ਦੀ ਇਹ ਅਮੋਲਕ ਰਾਏ ਹੈ :

"ਮੈਂ ਹਥ ਚੁੰਮ ਲਵਾਂ ਉਸ ਸਰਦਾਰ ਦਾ ਜਿਸਨੇ ਇਹ ਗ੍ਰੰਥ ਲਿਖਿਆ। ਮੈਂ ਸੱਚ ਕਹਿੰਦਾ ਹਾਂ ਕਿ ਜੇ ਇਹ "ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ' ਨਾ ਹੁੰਦਾ, ਤਾਂ ਅਜ ਸਾਡਾ ਇਤਿਹਾਸ ਹੀ ਨਾ ਹੁੰਦਾ। ਸਰਦਾਰ ਰਤਨ ਸਿੰਘ ਜੀ ਨੇ ਕੇਵਲ ਆਪਣੇ ਖਾਨਦਾਨ ਦੇ ਹੀ ਹਾਲਾਤ ਲਿਖੇ ਹਨ, ਅਤੇ ਹੋਰ ਹਾਲਾਤ ਸਹਿਜ ਸੁਭਾਉ ਹੀ ਆਉਂਦੇ ਗਏ ਹਨ, ਪਰ ਤਦ ਭੀ ਸਿਖ ਇਤਿਹਾਸ ਦੀ ਦਾਗ ਬੇਲ ਲਗਾ ਦਿੱਤੀ ਹੈ ਇਹ ਗਰੰਥ ਛਪਿਆ ਹੋਇਆ ਹੈ। ਪਰ ਬੜਾ ਹੀ ਅਸ਼ੁਧ ਛਪਿਆ ਹੈ। ਕੋਈ ਸਿਖ ਜੋ ਸਿਖ ਅਖਵਾਉਂਦਾ ਹੈ ਇਸ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ"। ('ਫੁਲਵਾੜੀ' ਦਾ ਸਿਖ ਇਤਿਹਾਸ ਅੰਕ ੧੯੩੦-੧੯੩੧)



Digitized by Panjab Digital Library | www.panjabdigilib.org

## ਖਾਸ ਨੋਟ

ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਕੁਝ ਨਵੇਂ ਸਿਖ ਇਤਿਹਾਸ ਖੋਜੀ ਇਸ ਗ੍ਰੰਥ ਸਬੰਧੀ ਹੀ ਅਟਕੜ ਪਚੂ ਢਕੋਸਲੇ ਖੜੇ ਕਰਕੇ ਸਿਖ ਇਤਿਹਾਸ ਨੂੰ ਹੀ ਵਿਗਾੜਨਾ ਚਾਹੁੰਦੇ ਹਨ ।

ਨਾਹਰ ਸਿੰਘ

ਇਸ ਅਦੁਤੀ ਗ੍ਰੰਥ ਸੰਬੰਧੀ ਬਹੁਤ ਸਾਰੇ ਵੇਰਵੇ ਉਸ ਪੁਸਤਕ ਵਿਚ ਦਿਤੇ ਜਾਣਗੇ, ਜੋ ਸਮੁੱਚੇ ਗਰੰਥ ਨੂੰ ਟੀਕਾ-ਟਿਪਣੀਆਂ ਅਤੇ ਹੋਰਨਾਂ ਸਮਕਾਲੀਨ ਲਿਖਤਾ ਦੇ ਹਵਾਲੇ ਦੇ ਕੇ ਮੁਕੰਮਲ ਕਰਕੇ ਛਾਪੀ ਜਾਵੇਗੀ । ਇਸ ਪੈਂਮਫਲੈਟ ਵਿਚ ਕੇਵਲ ਉਕਤ ਵਾਕਫੀਅਤ ਦੇਣੀ ਹੀ ਜਰੂਰੀ ਸਮਝੀ ਗਈ ਹੈ ।

ਬਾਬਾ ਸੁੱਖਾ ਸਿੰਘ ਜੀ ਅਤੇ ਬਾਬਾ ਮਤਾਬ ਸਿੰਘ ਖਾਲਸਾ ਪੰਥ ਦੇ ਉਨ੍ਹਾਂ ਪ੍ਰਸਿਧ ਮਹਾਂਪੁਰਖਾਂ ਵਿਚੋਂ ਇਕ ਸਿਰਮੌਰ ਆਗੂ ਗਿਣੇ ਜਾਂਦੇ ਹਨ ਜਿਨ੍ਹਾਂ ਨੇ ਸਿਖ ਧਰਮ ਅਤੇ ਗੁਰੂ ਖਾਲਸਾ ਪੰਥ ਦੀ ਹੋਂਦ, ਅਣਖ ਅਤੇ ਪੱਤ ਨੂੰ ਬਰਕਰਾਰ ਰੱਖਣ ਖਾਤਰ ਜਾਨਾਂ ਕੁਰਬਾਨ ਕੀਤੀਆਂ । ਖਾਲਸਾ ਪੰਥ ਦੇ ਵੈਰੀਆਂ ਨੂੰ ਵੰਗਾਰ ਵੰਗਾਰ ਕੇ ਮੌਤ ਦੇ ਘਾਟ ਉਤਾਰਿਆ ।

ਮਿਠੇ ਮਾਝੇ ਦੇ ਇਲਾਕੇ ਅਥਵਾ ਨਾਰਲੀ, ਖਾਲੜਾ, ਭਿਖੀ ਵਿੰਡ, ਸੁਰ ਸਿੰਘ, ਝਬਾਲ ਦੇ ਤੱਪਿਆਂ ਅਤੇ ਆਲੇ ਦੁਆਲੇ ਦੀ ਧਰਤੀ ਨੂੰ ਖਾਲਸਾ ਪੰਥ ਦੇ ਮਹਾਨ ਜੋਧੇ ਆਗੂਆਂ ਨੂੰ ਜਨਮ ਦੇਣ ਦਾ ਮਾਣ ਹੈ ।

ਨਾਰਲੇ ਦੇ ਬਾਬਾ ਸ਼ਾਮ ਸਿੰਘ ਕਰੋੜਸਿੰਘੀਆ ਮਿਸਲ ਵਾਲੇ, ਪਿੰਡ ਸਿੰਘਪੁਰੇ ਦੇ ਨਵਾਬ ਕਪੂਰ ਸਿੰਘ ਸਿੰਘਪੁਰੀਆ ਮਿਸਲ ਵਾਲੇ, ਪਿੰਡ ਡੱਲੇ ਦੇ ਖਤਰੀ ਸਿੰਘ ਗੁਰਦਿਆਲ ਸਿੰਘ ਡੱਲੇਵਾਲੀਆ ਮਿਸਲ ਵਾਲੇ, ਪਿੰਡ ਪੋਹੋਵਿੰਡ ਦੇ ਬਾਬਾ ਦੀਪ ਸਿੰਘ ਜੀ ਸ਼ਹੀਦਾਂ ਦੀ ਮਿਸਲ ਵਾਲੇ, ਪਿੰਡ ਰਾਮਗੜ ਦੇ ਬਾਬਾ ਭਗਵਾਨ ਸਿੰਘ ਅਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਮਿਸਲ ਵਾਲੇ, ਪਿੰਡ ਝਬਾਲ ਦੇ ਬਾਬਾ ਬਘੇਲ ਸਿੰਘ, ਪੰਜਵੜ ਦੇ ਬਾਬਾ ਭੰਮਾ ਸਿੰਘ, ਮਿਸਲ ਭੰਗੀਆਂ ਵਾਲੇ, ਪਿੰਡ ਪੂਹਲੇ ਦਾ ਭਾਈ ਤਾਰੂ ਸਿੰਘ, ਪਿੰਡ ਵਾਂ ਦੇ ਭਾਈ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਅਨੇਕ ਸ਼ਹੀਦ ਸਿੰਘ ਇਸ ਧਰਤੀ ਦੇ ਜਮਪਲ ਹੋਏ ਹਨ ।

ਬਾਬਾ ਸੁਖਾ ਸਿੰਘ ਨਾਰਲੇ ਦੇ ਨੇੜੇ ਦੇ ਪਿੰਡ ਮਾੜੀ ਕੰਬੋਕੇ ਦੇ ਇਕ ਤਰਖਾਣ ਯਾ ਕਾਰੀਗਰ ਪ੍ਰਵਾਰ ਦੇ ਵਿਚੋਂ ਸਨ । ਚੜ੍ਹਦੀ ਜਵਾਨੀ ਖੰਡੇ ਦੀ ਪਾਹੁਲ ਲੈ ਕੇ "ਖਾਲਸਾ" ਸਜੇ । ਸਿੰਘ ਸਜਣ ਪਿਛੋਂ ਉਨ੍ਹਾਂ ਦੇ ਸ਼ਾਨਦਾਰ ਕਾਰਨਾਮੇ ਆਪਣੀ ਮਸਾਲ ਆਪ ਹੀ ਹਨ ।

ਉਨ੍ਹਾਂ ਦਾ ਸਭ ਤੋਂ ਵੱਡਾ ਅਤੇ ਫੌਜੀ ਦ੍ਰਿਸ਼ਟੀ ਤੋਂ ਜਾਂਚਿਆ ਕਾਰਨਾਮਾ ਸਿਖਾਂ ਦੇ



Digitized by Panjab Digital Library | www.panjabdigilib.org

੧੭੪੭-੪੮ ਦੇ ਘੱਲੂਘਾਰੇ ਸਮੇਂ ਰਹਿੰਦੇ ਬਚੇ ਖਾਲਸਿਆਂ ਨੂੰ ਕਠੂਹਾ-ਪੜੌਲ ਜੰਮੂ ਦੇ ਅਲਾਕੇ ਤੋਂ ਤਿੰਨ ਦਰਿਆ ਪਾਰ ਕਰਕੇ ਮਾਲਵੇ ਦੇ ਭਾਈ ਰੂਪੇ ਕਿਆਂ ਦੇ ਅਲਾਕੇ ਵਿਖੇ ਪਿੰਡ ਜੈਤੋ ਲੈ ਆਵਣ ਦਾ ਹੈ । ਉਸ ਹਾਲਤ ਵਿਚ ਜਦ ਕਿ ਉਨ੍ਹਾਂ ਦੀ ਇਕ ਟੰਗ ਗੋਲੇ ਦੀ ਮਾਰ ਨਾਲ ਟੁੱਟ ਚੁੱਕੀ ਸੀ, ਅਤੇ ਉਨ੍ਹਾਂ ਇਸ ਟੰਗ ਨੂੰ ਜਕੜ ਕੇ ਬੰਨਿਆ ਹੋਇਆ ਸੀ । ਪਿੱਛਾ ਦੱਬੀ ਆਂਵਦੇ ਵੈਰੀਆਂ ਨਾਲ ਲੜਦੇ, ਭਿੜਦੇ ਵਹੀਰ ਨੂੰ ਬਚਾ ਕੇ ਲੈ ਆਵਣਾ ਇਕ ਅਦੁਤੀ ਕਾਰਨਾਮਾ ਹੈ । ਜਿਸ ਨੂੰ ਹੁਣ ਤਕ ਸਾਡੇ ਕਿਸੇ ਇਤਿਹਾਸਕਾਰ ਨੇ ਨਕਸ਼ੇ ਵਿਚ ਮੁਕਾਮ ਅਤੇ ਤਿੱਥ ਲਿਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ । ਬਦਕਿਸਮਤੀ ਦੀ ਗੱਲ ਇਹ ਹੈ ਕਿ ਸਿਖ ਲਿਖਾਰੀ ਵੀ ਆਪਣੀ ਕੌਮ ਦਾ ਇਤਿਹਾਸ ਬਿਨਾ ਭੂਗੋਲਿਕ ਜਾਣਕਾਰੀ ਦੇਣ ਦੇ ਅੰਨੇਵਾਹ ਲਿਖ ਕੇ ਧਰੀ ਜਾ ਰਹੇ ਹਨ, ਜੋ ਨਵੀਂ ਨਸਲ ਦੇ ਬੱਚਿਆਂ ਨੂੰ ਕੇਵਲ ਇਕ ਕਹਾਣੀ ਯਾ ਸਟੋਰੀ ਹੀ ਭਾਸਦਾ ਹੈ । ਨਕਸ਼ਾ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ । ਕਾਰਟੋਗਰਾਫਕ ਨਹੀਂ ਮਿਲਿਆ ।

ਕਈਂ ਕਾਰਣਾਂ ਕਰਕੇ ੩੫ ਸਾਲ ਲਗਾਤਾਰ ਦਿੱਲੀ ਵਿਖੇ ਰਹਿਕੇ ਜੂਨ ੧੯੮੭ ਵਿਚ ਚੰਡੀਗੜ੍ਹ ਆ ਕੇ ਰਹਿਣਾ ਪਿਆ ਹੈ । ਪਿਛਲੇ ੨੩ ਸਾਲ ਤੋਂ ਵਡੱਕੇ ਪੰਜਾਬ ਅਤੇ ਖਾਸ ਕਰ ਸਿਖ ਕੌਮ ਦੇ ਇਤਿਹਾਸ ਦੀ ਕੱਠੀ ਕੀਤੀ ਹੋਈ ਸਾਮਗਰੀ ਵੀ ਏਥੇ ਹੀ ਲਿਆਉਣੀ ਪਈ । ਵੱਡਾ ਅਫਸੋਸ ਹੈ ਕਿ ਪਿਛਲੇ ੩੫ ਸਾਲਾਂ ਤੋਂ ਨੈਸ਼ਨਲ ਆਰਕਾਈਵ ਆਫ ਇੰਡੀਆ ਵਿਚ ਸੁਰਖਸ਼ਤ ਪਈ ਸਾਮਗਰੀ ਨੂੰ ਪੜ੍ਹਨ, ਵਾਚਣ ਅਤੇ ਨਕਲ ਕਰਨ ਦੇ ਕੰਮ ਨੂੰ ਛੱਡਣਾ ਪਿਆ ਹੈ ।

ਕੋਈ ਇਕ ਸਾਲ ਤੋਂ ਕੁਝ ਕੁ ਧਨਪਤੀ ਦੁਕਾਨਦਾਰਾਂ ਦੇ ਠੇਕੇ ਤੇ ਕੰਮ ਕਰਨ ਵਾਲੇ ਬਿਹਾਰੀ ਕਾਮੇ ਤਰਖਾਣਾਂ ਨੇ ਰਿਹਾਇਸ਼ੀ ਮਕਾਨਾਂ ਦੇ ਸਾਹਮਣੇ ਸਰਕਾਰੀ ਅਤੇ ਪਬਲਕ ਥਾਂਵਾਂ ਤੇ ਕਬਜ਼ਾ ਕਰਕੇ ਅਤੇ ਸਾਰੇ ਲਾਗੂ ਕਾਇਦੇ ਕਾਨੂੰਨ ਤੋੜ ਕੇ ਫਰਨੀਚਰ ਫਰੇਮਾਂ ਵਿਚ ਫਾਨੇ ਅਤੇ ਕਿੱਲ ਠੋਕਣ ਦਾ ਕੰਮ ਜਾਰੀ ਕੀਤਾ ਹੋਇਆ ਹੈ ਜੋ ਲਗਾਤਾਰ ੧੨ ਘੰਟੇ ਚਲਦਾ ਹੈ । ਕੰਨਪਾੜੂ voice inconvenience ਅਤੇ noise pollution ਦੇ ਐਸੇ ਚੋਗਿਰਦੇ ਵਿਚ ਕੁਝ ਲਿਖਣਾ ਤਾਂ ਇਕ ਪਾਸੇ ਆਰਾਮ ਕਰਨਾ ਤੇ ਸਾਹ ਲੈਣਾ ਵੀ ਅਸੰਭਵ ਹੈ । Enforcement Squad ਦੇ ਛਾਪਿਆਂ ਤੇ ਜੁਰਮਾਨਿਆਂ ਦਾ ਮਖੌਲ ਉਡਾਇਆ ਜਾਂਦਾ ਹੈ । ਸਰਕਾਰੀ ਹਾਕਮਾਂ ਦੀ ਮਰਜ਼ੀ ਹਟਾਉਣ, ਨਾ ਹਟਾਉਣ । ਵੱਡੇ ਸਰਮਾਏਦਾਰਾਂ ਪੂੰਜੀਪਤੀਆ ਦਾ ਸੱਤੀਂ ਵੀਹੀਂ ਸੌ । ਸਾਹਮਣੇ ਮਕਾਨਾਂ ਵਿਚ ਰਹਿਣ ਵਾਲੇ ਬੇਬਸ ਬਣ ਕੇ ਭਾਰੀ ਸ਼ੋਰ-ਸ਼ਰਾਬੇ ਨੂੰ ਸਹੀ ਜਾ ਰਹੇ ਹਨ । ਕਦੋਂ ਤਕ ?

ਅਜਿਹੀ ਹਾਲਤ ਵਿਚ ਨਾ ਲਿਖਣ ਕਾਰਨ ਪੁਸਤਕ ਦੇ ਦੂਸਰੇ ਭਾਗ ਵਿਚ ਛਪਿਆ ਘੱਲੂਘਾਰੇ ਦਾ ਸਾਰਾ ਦੇ ਸਾਰਾ ਲੇਖ ਪ੍ਰਕਾਸ਼ ਸਿੰਘ ਜੀ ਐਮ.ਏ. ਰੀਸਰਚ ਸਕਾਲਰ, ਖਾਲਸਾ ਕਾਲਜ ਅੰਮ੍ਰਿਤਸਰ ਦੀ ਲਿਖਤ ਹੈ ਜੋ ਕਿਸੇ ਹੋਰ ਲਈ ਲਿਖਣਾ ਸੰਭਵ ਹੀ ਨਹੀਂ ਸੀ । ਇਸ ਲਈ ਮੈਂ ਜ਼ਾਤੀ ਤੌਰ ਤੇ ਸਰਦਾਰ ਪ੍ਰਕਾਸ਼ ਸਿੰਘ ਜੀ ਦਾ ਹਾਰਦਿਕ ਧੰਨਵਾਦੀ ਅਤੇ



Digitized by Panjab Digital Library | www.panjabdigilib.org

ਕਿਰਤਾਰਥ ਹਾਂ । ਬਹੁਤ ਸਾਲ ਹੋਏ ਉਨ੍ਹਾਂ ਦੇ ਦਰਸ਼ਨ ਨੈਸ਼ਨਲ ਆਰਕਾਈਵ ਵਿਚ ਹੀ ਹੋਏ ਸਨ। ਬੜੀ ਖੁਸ਼ੀ ਹੋਵੇਗੀ, ਜੇਕਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ। ਮੁੜ ਖਿਮਾਂ ਦਾ ਜਾਚਕ ਹਾਂ।

ਬਾਬਾ ਸੁੱਖਾ ਸਿੰਘ ਅਤੇ ਪਠਾਣ ਸੂਰਮੇ ਦੀ ਆਹਮਣੇ-ਸਾਹਮਣੇ ਲੜਾਈ ਦਾ ਚਿੱਤਰ ਪ੍ਰਸਿਧ ਚਿੱਤਰਕਾਰ ਭਾਈ ਕਿਰਪਾਲ ਸਿੰਘ ਜੀ ਹਰਭਗਤ ਵਿਲਾ ਨੰ: ੩੦੩੯ ਸੈਕਟਰ ੨੮ ਡੀ ਨੇ ਤਿਆਰ ਕੀਤਾ । ਦੋਨੋਂ ਨਕਸ਼ੇ ਸਰਦਾਰ ਸਤਪਾਲ ਸਿੰਘ, **M. A. (Hons)** ਮਾਕਨ ਨੰ: ੧੪੪੧, ਸੈਕਟਰ ੩੪ ਨੇ ਬੜੀ ਮਿਹਨਤ ਨਾਲ ਬਣਾਏ। ਬਹੁਤ ਧੰਨਵਾਦ।

੮੫ਵੇਂ ਸਾਲ ਦੀ ਉਮਰ ਵਿਚ ਮੁਕਾਮੀ ਵਿਦਵਾਨਾਂ ਨਾਲ ਤਾਲਮੇਲ ਰੱਖਣਾ ਅਸੰਭਵ ਹੈ।

ਇਕ ਦੋ ਪੁਰਾਣੇ ਮੁਕਾਮੀ ਵਾਕਫਕਾਰ ਸੱਜਣਾਂ ਦੇ ਸੁਝਾਉ ਤੇ ਉਕਤ ਗ੍ਰੰਥ ਵਿਚ ਅੰਕਤ ਬਾਬਾ ਸੁੱਖਾ ਸਿੰਘ ਜੀ ਸ਼ਹੀਦ ਮਾੜੀ ਕੰਬੋਕੇ ਅਤੇ ਉਨ੍ਹਾਂ ਦੇ ਸਾਥੀ ਬਾਬਾ ਮਤਾਬ ਸਿੰਘ ਮੀਰਾਂਕੋਟੀਏ ਜੀ ਸ਼ਹੀਦ ਦੇ ਪ੍ਰਸੰਗ ਛਾਪਕੇ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤੇ ਜਾ ਰਹੇ ਹਨ।

ਇਸ ਕਤਾਬੜੀ ਨੂੰ ਤਿਆਰ ਕਰਾਉਨ ਅਤੇ ਛਪਾਉਣ ਦਾ ਸਾਰਾ ਖਰਚ ਮੇਰੇ ਗੁਆਂਢੀ ਭਾਈ ਕਰਤਾਰ ਸਿੰਘ ਰਾਮਗੜ੍ਹੀਆ ਸੇਵਕ ਭਾਈ ਲਾਲੋ ੧੧੫੦ ਸੈਕਟਰ ੩੪ ਸੀ, ਡੀਫੈਂਨਸ ਕਾਲੋਨੀ ਵਾਲਿਆਂ ਨੇ ਹੀ ਕੀਤਾ ਹੈ। ਉਹ ਇਕ ਗੁਰਮੁਖ, ਪਰਉਪਕਾਰੀ, ਦਾਨੀ ਅਤੇ ਧਾਰਮਿਕ ਕੰਮਾਂ ਲਈ ਦਿਲ ਖੋਹਲਕੇ ਮਾਇਕ ਸੇਵਾ ਕਰਨ ਵਾਲੇ ਸੱਜਣ ਹਨ। ੩੪ ਸੈਕਟਰ ਦੇ ਗੁਰਦਵਾਰੇ ਦੀ ਮੁਢਲੀ ਸੇਵਾ ਸਾਲਾਂ ਬੱਧੀ ਇਨ੍ਹਾਂ ਨੇ ਸੰਭਾਲੀ । ਵੱਖ ਵੱਖ ਇਤਿਹਾਸਿਕ ਗੁਰਦਵਾਰਾ ਸਾਹਿਬਾਨ ਦੇ ਵੱਡੇ ਨਿਸ਼ਾਨ ਸਾਹਿਬਾਨ ਦੀ ਸੇਵਾ ਕਰਵਾਈ। ਰਾਮਗੜ੍ਹੀਆ ਭਵਨ ੨੭ ਸੈਕਟਰ, ਚੰਡੀਗੜ੍ਹ ਅਤੇ ਰਾਮਗੜ੍ਹੀਆ ਸਭਾ ਚੰਡੀਗੜ੍ਹ ਦੀ ਸੇਵਾ ਹੁਣ ਕਰ ਰਹੇ ਹਨ। ਕਾਰੋਬਾਰੀ, ਸਮਾਜਕ ਅਤੇ ਭਾਈਚਾਰਕ ਖੇਤਰ ਵਿਚ ਚਲਦੇ ਫਿਰਦੇ ਲੱਕੜ ਦਾ ਕੰਮ ਕਰਨ ਵਾਲੇ ਤਰਖਾਣਾਂ ਨੂੰ ੩੪ ਸੈਕਟਰ ਦੀ ਮਾਰਕਟ ਵਿਚ ੩੧ **Sales Shop cum Show Rooms** ਅਤੇ ਫਰਨੀਚਰ ਬਣਾਉਣ ਲਈ ਰਾਮ ਦਰਬਾਰ **Industrial Area, Phase II** ਵਿਖੇ ਥਾਵਾਂ ਦਵਾਉਣ ਦਾ ਸਿਹਰਾ ਭੀ ਇਨ੍ਹਾਂ ਸਿਰ ਹੀ ਹੈ। ਸੈਕਟਰ ੩੪ ਦੀ ਜਨਰਲ ਮਾਰਕੀਟ ਇਹਨਾ ਦੇ ਹੀ ਉਤਸ਼ਾਹ ਅਤੇ ਹਿੰਮਤ ਨਾਲ ਸ਼ੁਰੂ ਹੋਈ।

ਮੈਂ ਜ਼ਾਤੀ ਤੌਰ ਤੇ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

ਪਾਠਕ ਸੱਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਕਿਰਪਾ ਪੂਰਬਕ ਇਸ ਪੈਮਫਲਿਟ ਸਬੰਧੀ ਆਪਣੀ ਰਾਏ ਦਾਸ ਨੂੰ ਭੇਜਣ।



Digitized by Panjab Digital Library | www.panjabdigilib.org

ਜੇਕਰ ਕੋਈ ਇਤਿਹਾਸ ਪਰੇਮੀ ਸਜਣ ਅਥਵਾ ਸੋਸਾਇਟੀ ਜਾਂ ਜੱਥਾ ਇਸ ਪੈਮਫਲੈਟ ਨੂੰ ਛਾਪ ਕੇ ਸੰਗਤਾਂ ਦੀ ਸੇਵਾ ਵਿਚ ਮੁਫਤ ਭੇਟਾ ਕਰਨੀ ਚਾਹੇ ਤਾਂ ਐਸਾ ਕਰ ਸਕਦਾ ਹੈ। ਇਸਦਾ ਕੋਈ ਕਾਪੀ ਰਾਈਟ ਨਹੀਂ। ਪਰ ਛਾਪਣ ਤੋਂ ਪਹਿਲਾਂ ਭਾਈ ਕਰਤਾਰ ਸਿੰਘ ਹੋਰਾਂ ਨੂੰ ਦੱਸਣ ਦੀ ਲੋੜ ਹੈ।

ਸਿਖ ਇਤਿਹਾਸ ਖੋਜੀ ਸੱਜਣਾਂ ਦਾ ਹਿੱਤਚਿੰਤਕ

ਭਾਈ ਨਾਹਰ ਸਿੰਘ

ਐਮ. ਏ.


ਪਿੰਡ ਨੰਗਲ ਭਾਈ ਬੁੱਖਰ,
ਡਾਕਖਾਨਾ ਪੱਖੋਵਾਲ,
ਜ਼ਿਲ੍ਹਾ ਲੁਧਿਆਣਾ,
ਪੰਜਾਬ।

੧੧੨੧, ਸੈਕਟਰ ੩੪,
ਚੰਡੀਗੜ੍ਹ
ਚੀਫ ਐਡੀਟਰ,
STRUGGLE FOR FREE HINDUSTAN (Series)


੨੭-੬-੧੯੮੯

Digitized by Panjab Digital Library | www.panjabdigilib.org

# ਖੰਡੇ ਪਾਹੁਲ ਲੈ ਕੇ ਖਾਲਸਾ ਸਜਣਾ ਅਤੇ ਵਿਵਾਹ

( ੧ )

ਦੋਹਰਾ-ਸਾਖੀ ਸੁਖਾ ਸਿੰਘ ਕੀ ਸੁਨੀਏ ਮਨ ਚਿਤ ਲਾਇ ।
"ਮਾੜੀ ਕੰਬੋ" ਜਨਮਿਓ ਜਾਤ ਤਰਖਾਣ ਕਹਾਇ ।

ਚੌ:—ਬਾਰਾਂ ਬਰਸ ਕੋ ਜਬ ਵਹ ਭਜੋ । ਮਾਤਾ ਪਿਤਾ ਬਿਵਾਹ ਉਸ ਦਯੋ ।
ਚਾਉ ਉਠ ਜਗੋ ਉਸ ਚਿਤ ਮੇਂ ਆਇ । ਲਈ ਪਾਹੁਲ ਅੰਮ੍ਰਿਤਸਰ ਜਾਇ ।
ਜਹਿ ਸਿਖ ਸੰਗਤ ਇਕੱਠੀ ਹੋਇ । ਜਿਮ ਤਿਮ ਕਰਕੇ ਪਹੁੰਚੈ ਸੋਇ ।
ਜੇ ਕੋ ਸਿੰਘ ਉਸ ਘਰ ਆਵੈ । ਸੋ ਉਸ ਕੀ ਬਹੁ ਟਹਿਲ ਕਮਾਵੈ ।
ਸੋ ਸੁਹਰਤ ਚੁਗਲਨ ਪੈ ਗਈ । ਫੌਜ ਚੜ੍ਹਾਇ ਚੁਗਲਨ ਸੰਗ ਲਈ ।
ਉਸ ਦਿਨ ਹੁਤੋ ਨ ਵਹਿ ਘਰ ਸਿੱਖ । ਇਮ ਕਰ ਉਨਕੋ ਪਰਜੋ ਨ ਦਿਖਾਈ ।
ਫੌਜ ਮੁੜੀ ਜਬ ਉਤ ਤੇ ਗਈ । ਵਹੀ ਖਬਰ ਉਸ ਪਿਤ ਮਾਤ ਭਈ ।
ਡਰਤਾ ਫਿਰਾ ਸਿੰਘ ਘਰ ਨਾ ਆਵੇ । ਮਾਤ ਪਿਤਾ ਉਸ ਬਡ ਲਏ ਹਾਵੇ ।

( ੨ )

ਦੋਹਰਾ-ਮਾਤਾ ਪਿਤਾ ਉਸ ਇਮ ਕਹੈਂ 'ਹਮ ਸਿੰਘਨ ਸਿਉਂ' ਕਜਾ ਜੋੜ ।
ਕਿਰਤੀ ਕਾਰੀਗਰੋਂ ਕੋ, ਪਤਿਸ਼ਾਹੀ ਦੀ ਕੀ ਲੋੜ ।

ਚੌ:—ਸਿੰਘ ਹੋਇ ਲੈਣ ਚਹੈਂ ਪਤਿਸ਼ਾਹੀ । ਹਮ ਕਿਰਤੀਆ ਘਰ ਸੋ ਕਬ ਆਈ ।
ਪਤਿਸ਼ਾਹੀ ਦਾਵੋ ਜੱਟ ਕਮਾਹਿ । ਆਪੇ ਬੀਜੈਂ ਆਪੇ ਖਾਹਿ ।
ਤਰਲੇ ਕਰ ਸਿੰਘ ਰਾਤ ਘਰ ਲਜਾਏ । ਉਸ ਕੋ ਚਾਹਤ ਦਗਾ ਕਮਾਏ ।
ਭੰਗ ਸਰਦਾਈ ਮਿਲਾਇ ਪਿਲਾਈ । ਉਸ ਕੋ ਗੂੰਧੋ ਲੀਯੋ ਕਹਾਈ ।
ਸੁੱਧ ਬੁੱਧ ਸਭ ਉਸ ਭੁੱਲ ਗਈ । ਸੀਸ ਮੁੰਡਾਯੋ ਸਦ ਕੇ ਨਈ ।
ਗਯੋ ਅਮਲ ਉਸ ਹੋਇਓ ਸਵੇਰਾ । ਸਿਰ ਅਪਨੇ ਪਰ ਹਾਥ ਜੋ ਫੇਰਾ ।
ਮਾਤ ਪਿਤਾ ਕੋ ਜਾਨਜੋਂ ਪਾਪ । ਉਠ ਚਿਤ ਧਾਰਜੋ ਕਰਨੋਂ ਖਾਪ ।

( ੩ )

ਦੋਹਰਾ-ਫਿਰ ਸਿੰਘ ਮਨਹਿ ਬਿਚਾਰਿਓ 'ਇਨ ਮਾਰਨ ਬਡ ਪਾਪ' ।
ਦੌੜ ਖੂਹ ਮੇਂ ਜਾ ਪੜਾ ਮਰਨ ਧਾਰ ਚਿਤ ਆਪ ।

ਚੌ:—ਤਬ ਲੋਕਨ ਨੇ ਲੱਜ ਫਰਾਹੀ । ਚਹੈ ਮਰਜੋ ਵਹਿ ਫੜਜੋ ਸੁ ਨਾਹੀ ।
ਉਲਟ ਪਲਟ ਹੁਇ ਡੂਬਜੋ ਚਹੈ । ਨੀਰ ਨ ਡੋਬੈ ਊਪਰ ਰਹੈ ।
ਤਬ ਉਸ ਭਾਈ ਖੂਹ ਮਧ ਬੜਾ । ਫੜੀ ਲੱਜ ਔਰ ਵਹਿ ਭੀ ਫੜਾ ।
ਤੌ ਲੌ ਏਕ ਸਿੰਘ ਤਹਿੰ ਆਈਓ । ਉਨੈਂ ਆਖ ਕਰ ਇਮ ਸਮਝਾਈਓ ।
"ਮਰਨੋਂ ਹੈ ਮਰ ਤੁਰਕਨ ਸਿਰਚੜ੍ਹ । ਔਰ ਮੌਤ ਕਜੋਂ ਮਰੈਂ ਬਜਰਥ ਕਰ ।
ਜਿਨ ਤੁਰਕਨ ਗੁਰ ਸਾਡੇ ਮਰਵਾਏ । ਹਿੰਦੂਅਨ ਕੋ ਚਹਿੰ ਤੁਰਕ ਬਨਾਏ ।
ਹੈ ਤੁਰਕਨ ਲਰ ਮਰਨੋ ਭਲੋ । ਨਿਕਲ ਕੂਏ ਸੋਂ ਸਿੰਘਨ ਰਲੋ ।
ਮਾਰ ਤੁਰਕਨ ਕੋ ਹੋਵੈਂ ਸ਼ਹੀਦ । ਹਮਰੀ ਤੁਮ ਕੋ ਯਹੀ ਤਕੀਦ" ।

( ੪ )

ਦੋਹਰਾ-ਤਬ ਸੁੱਖਾ ਸਿੰਘ ਮੰਨ ਲਈ ਨਿਕਸਜੋ ਇਮ ਚਿਤ ਧਾਰ ।
'ਇਨੈਂ ਸਿੰਘ ਸਾਚੀ ਕਹੀ ਅਬ ਮਰੀਏ ਤੁਰਕਨ ਮਾਰ' ।

ਚੌ:—ਔਰ ਚਿੱਤ ਉਸ ਦ੍ਰਿੜ੍ਹਤਾ ਆਈ । "ਮਰੈਂ ਨਹੀਂ ਬਿਨ ਮੌਤੇ ਆਈ ।"
ਖੂਹ ਪੜੇ ਭੀ ਮਰੇ ਹਮ ਨਾ ਹੀ । ਰਹੇ ਮਰਨ ਕੋ ਬਹੁ ਚਿਤ ਚਾਹੀ ।
ਤਬ ਸੁੱਖਾ ਸਿੰਘ ਯੌ ਮਨ ਧਾਰਜੋ । ਨੀਂਹ ਤੁਰਕਨ ਕੋ ਪੁਟੋ ਲਲਕਾਰਜੋ ।
ਤੁਰਕਨ ਸ਼ਸਤ੍ਰ ਜਾਊਂਗੋ ਲਾਇ । ਫਿਰ ਭੱਜ ਜਾਊਂ ਜਾਉ ਬਚਾਇ ।

( ੫ )

ਦੋਹਰਾ-ਉਸੈ ਪਿੰਡ ਕੇ ਪੈਂਚ ਪੈ ਘੋੜੀ ਥੀ ਇਕ ਚੰਗ ।
ਪਾਣੀ ਪਿਲਾਵਨ ਬਹਾਨੇ ਲੈ ਜਾਇ ਕਰ ਰਲਜੋ ਨਿਹੰਗ ।

ਚੌ:—ਜਾਕਰ ਪੰਥ ਖਾਲਸੇ ਰਲਿਓ । ਪੁਛ ਡੇਰੇ ਸ਼ਜਾਮ ਸਿੰਘ ਕੇ ਵੜਿਓ ।
ਪਾਹੁਲ ਸ਼ਜਾਮ ਸਿੰਘ ਤੇ ਲਈ । ਪੁੱਤ੍ਰਨ ਜਿਮ ਉਸ ਪ੍ਰੀਤ ਉਪਜਈ ।
ਤੌ ਸੁੱਖੇ ਸਿੰਘ ਯੌ ਦਿਲ ਆਈ । ਘੋੜੀ ਕੋ ਮੂਲ ਦਈਏ ਘਲਾਈ ।
ਯੌ ਸਿੰਘ ਤੁਰਜੋ ਲਹੌਰੇ ਰਾਹਿ । ਲਯੋ ਭੇਖ ਤਿਨ ਜੱਟ ਬਨਾਇ ।
ਕੇਸ ਸੀਸ ਤਬ ਥੇ ਉਸ ਥੋੜੇ । ਜਾਇ ਵੜਜੋ ਇਮ ਮੱਧਜ ਲਹੌਰੇ ।
ਸੋ ਜਾ ਵੜਜੋ ਸੂਫੀ ਬਜਾਰ । ਫਿਰਤ ਮੁਹਰਨ ਧਰ ਕੰਧੇ ਭਾਰ ।
ਇਕ ਥੈਲੀ ਸਿੰਘ ਦ੍ਰਿਸ਼ਟੈ ਆਈ । ਫੜ ਕੰਧਜੋਂ ਸਿੰਘ ਖੁਰਜੀ ਪਾਈ ।
ਛੋੜ ਘੋੜੀ ਦਰਵਾਜਜੋਂ ਲੰਘਾ । ਕਰੀ ਨ ਤਿਨ ਕਛੁ ਮਰਨੋਂ ਸੰਗ ।

ਦੋਹਰਾ-ਘੜੀ ਕੁ ਇਕ ਇਨ ਰਹਤ ਥੋ ਸਿੰਘ ਭਜੋ ਪੌਣ ਕੇ ਭੇਸ ।
ਗਯੋ ਗਯੋ ਕਹਤੇ ਰਹੇ ਸਿੰਘ ਮੁੱਖ ਕੀਓ ਨਿਜ ਦੇਸ ।

ਚੌ:—ਰੌਲਾ ਗੌਲਾ ਜਬ ਤਹਿੰ ਪਰਾ । ਤਬ ਲੌਂ ਸਿੰਘ ਮਧ ਝਾੜੀਂ ਰਲਾ ।
ਤੁਰਕ ਫੌਜ ਕਿਤ ਮਗਰੋਂ ਦੌੜੀ । ਸੋ ਲੰਘ ਗਯੋ ਤਰਫ਼ ਕਿਤ ਔਰੀ ।
ਜਾਇ ਰਲਜੋ ਸਿੰਘਨ ਦਲ ਮਾਹੀਂ । ਮੁੱਲ ਘੋੜੀ ਕੇ ਦੈ ਤੁਰਤਾਹੀ ।



Digitized by Panjab Digital Library | www.panjabdigilib.org

ਤੀਨ ਕ ਸੈ ਦਜੋ ਰੁਪੱਯੋ ਲਾਹਿ । ਲਈ ਚੋਧਰੀ ਸੌਂ ਬਾਤ ਬਨਾਇ।
ਔਰ ਸਿੰਘਨ ਕੇ ਲੰਗਰ ਪਾਈ । ਘਲੀ ਨ ਘਰ ਜਹਿੰ ਥੇ ਪਿਤ ਮਾਈ।
ਇਸੀ ਭਾਂਤ ਸਿੰਘ ਨਿਤ ਤਹਿੰ ਦੌੜੈਂ । ਲੁੱਟ ਸੁ ਲਜਾਵੈਂ ਮਾਲ ਚੁਫੇਰੇ।
ਬਹੁਤ ਸਿੰਘ ਚਿਤ ਭਯੋ ਉਛਾਹਿ । ਉਸ ਮਾਰ ਹਟਾਵੈ ਜੋ ਗੈਲੇ ਪਾਹਿ।
ਸਭ ਸ਼ਸਤਰਨ ਕੀ ਵਿੱਦਯਾ ਜਾਣੈ । ਹਾਥ ਪਾਇ ਉਸ ਬਹੁਤ ਸਤਾਣੈ।
ਚੜ੍ਹ ਘੋੜੀ ਤੇ ਜੋ ਲੁਟ ਲਜਾਵੈ । ਤੁਰਤ ਖਾਲਸੇ ਲੰਗਰ ਪਾਵੈ ।

ਦੋਹਰਾ-ਜਹਾਂ ਜੁੱਧ ਤੁਰਕਨ ਪਰੈ ਪਰੈ ਸ਼ੇਰ ਜਿਮ ਜਾਇ।
ਇਕ ਦੋ ਸ਼ਸ਼ਤਰ ਲਗਾਇ ਕੈ ਰਲੈ ਖਾਲਸੇ ਆਇ।

ਚੌ:—ਰਾਮ ਜੰਗ ਸਿੰਘ ਖੂਬ ਚਲਾਵੈ । ਤੀਰ ਮਾਰੇ ਘੋੜੀ ਗਿਰਾਵੈ ।
ਨੇਜਾ ਸੇਲਾ ਬਰਛੀ ਤੇਗ । ਮਾਰ ਉਡਾਵੈ ਪ੍ਰਾਣਨ ਬੇਗ ।
ਸੁਖਾ ਸਿੰਘ ਕੀ ਇਮ ਚਰਚਾ ਭਈ । ਸੂਰਨ ਕੋ ਸਿਰਮੌਰ ਗਿਨਈ।
ਜੰਗ ਜੁੜੇ ਜਹਿੰ ਫਤੇ ਲਿਆਵੇ । ਦੀਵਾਨ ਖਾਲਸੇ ਮੇਂ ਆਦਰ ਪਾਵੈ।
ਲਗੇ ਦੀਵਾਨ ਤਿਹਿੰ ਪੱਖਾ ਫੇਰੈ । ਬਾਲਣ ਕੋ ਸਮਧਾ ਲਯਾ ਗੇਰੈ।
ਪਯਾਸਨ ਖਾਤਰ ਮਸ਼ਕ ਉਠਾਵੈ । ਭੁੱਖਿਆਂ ਖਾਤਰ ਰਿਜਕ ਲਿਆਵੈ।
ਥੱਕੇ ਸਿੰਘ ਕੀ ਚਾਪੀ ਕਰੈ । ਅਸ਼ਨਾਨ ਕਰਾਵੈ ਬਹੁ ਜਲ ਭਰੈ।
ਕੱਛ ਨਿਚੋੜੈ ਚਰਨ ਧੁਵਾਇ । ਫੜ ਗੜਵੇ ਸਿੰਘ ਦਾਤਨ ਕਰਾਇ।

ਦੋਹਰਾ-ਸਬਦ ਪੜ੍ਹੈ ਫੜ ਸਾਜ ਕੋ ਬਾਣੀ ਮੁਖੋਂ ਉਚਾਰ।
ਕਮਰ ਕੱਸਾ ਹਰਦਮ ਰਖੇ ਲੜਨ ਮਰਨ ਕੋ ਤਿਆਰ।

ਚੌ: —ਔਰ ਟਹਿਲ ਬਹੁ ਸਿੰਘਨ ਕਰੇ । ਦੰਗਯੋਂ ਫੰਗਯੋਂ ਨਹਿ ਉਹ ਡਰੇ।
ਮਾਤਾ ਪਿਤਾ ਤਿਸ ਆਵਿ ਧਾਇ ਸਿੰਘਨ ਤੇ ਬਹੁ ਤਾਹਿੰ ਅਖਾਇ।

ਦੋਹਰਾ-ਮਾਤਾ ਪਿਤਾ ਤਿਸ ਆਇ ਕੈ ਸਿੰਘਨ ਤੇ ਸੁ ਕਹਾਇ।
ਲੈ ਗਏ ਅਪਨੇ ਘਰ ਬਿਖੈ ਮੁਕਲਾਵਾ ਕਰਵਾਇ।

ਚੌ: —ਅਬੇਰ ਸਵੇਰ ਲੁਕ ਛਿਪ ਘਰ ਜਾਵੇ । ਤੁਰਕਨ ਡਰ ਫਿਰ ਦਲ ਮੁੜ ਆਵੈ।
ਸਮੇਂ ਪਾਇ ਉਸ ਬੇਟੀ ਭਈ । ਆਪ ਮੁਈ ਕੈ ਨਾਰ ਮਾਰ ਦਈ ।
ਯਹ ਚਰਚਾ ਖਾਲਸੇ ਮੈਂ ਆਈ । ਬਰਤਨ ਛੁਹਨ ਤੈ ਦਯੋ ਹਟਾਈ।
ਕਹੈ ਖਾਲਸਾ 'ਕੰਨਯਾ ਮਾਰੀ ਬਖਸੇ ਨਹਿ ਗਤਿ ਖਾਲਸੇ ਕੀ ਹੈ ਬਿਗਾਰੀ' ।
ਪੰਥ ਖਾਲਸਾ ਮੁਖ ਨ ਲਗਾਵੈ । 'ਕੁੜੀ ਮਾਰ' ਕਹਿ ਦੂਰ ਬਿਠਾਵੈ ।
ਬਖਸ਼ੈ ਨ ਖਾਲਸਾ ਬਿਨੈ ਕਰ ਰਹਯੋ । ਖਾਇ ਅੰਦੇਸੋ ਸਿੰਘ ਕੋ ਗਯੋ ।
ਜਿਤੋਂ ਚੜ੍ਹੀ ਥੀ ਸਿੰਘ ਕੀ ਬਾਤ । ਤਿਤੀ ਉਸੈ ਭਈ ਨੀਵੀਂ ਖਾਤ।
ਮਨ ਅਪਨੇ ਮਹਿ ਚਿੰਤਾ ਕਰੇ । ਬਕੇ ਨ ਬੋਲੈ ਚੁਪ ਕਰ ਰਹੇ ।



Digitized by Panjab Digital Library | www.panjabdigilib.org

੨

# ਸਾਖੀ ਹੋਰ ਸੁਖਾ ਸਿੰਘ ਕੀ

[ਭਾਈ ਸੁਖਾ ਸਿੰਘ ਦਾ ਇਕ ਗਿਲਜੇ ਨਾਲ ਦੁੰਦ ਯੁਧ]

ਦੋਹਰਾ-ਅਹਿਮਦ ਸ਼ਾਹ ਲਾਹੌਰ ਮੱਲ, ਚਲਿਓ ਦਿਲੀ ਦੇ ਰਾਹਿ ।
ਲਹੌਰ ਹਿਫਾਜ਼ਤ ਕਰਨ ਕੋ ਫੌਜ ਛੋਡ ਗਯੋ ਵਾਹਿ ।
ਨਿਕਸੀ ਫੌਜ ਲਹੌਰ ਤੇ ਅਤਿ ਬਡ ਮਰਦ ਗਿਣਾਇ ।
'ਕਹਾਂ ਸਿੱਖ' ਕਹਿਤੇ ਫਿਰੈਂ 'ਹਮ ਕੋ ਦੇਹੁ ਦਿਖਾਇ' ।

ਚੌ:—ਘੋੜੇ ਬਡੇ ਔ ਬਡੇ ਜੁਆਨ । ਸਾਥ ਸ਼ਾਹ ਜੋ ਖਾਨਾ ਖਾਨ ।
ਟੋਪ ਸੀਸ, ਸੰਜੋ ਗਲ ਪਾਈ । ਤੇੜ ਸੁੱਥਨ ਬੀ ਲੋਹੇ ਪਾਈ ।
ਪੈਰੀਂ ਨਲੈਨਾਂ ਦਸਤੀਂ ਦਸਤਾਨੇ । ਘੋੜਨ ਪਰ ਬਡ ਬਰਗਸਤਾਨੇ ।
ਐਸੇ ਬਹੁ ਗਿਲਜੇ ਚੜ੍ਹ ਧਾਏ । ਸੰਗ ਕਸੂਰੀ ਪਠਾਣ ਲਿਆਏ ।

ਸੋਰਠਾ-ਬੁੱਢੇ ਕੋਟ ਗਿਰਾਇ ਹੁਤੇ ਸੁ ਸਿੰਘਨ ਘਰ ਘਣੇ ।
ਹਰਕਾਰਨ ਮਿਲ ਘੇਰਾਇ ਲੀਯੋ ਮਾਰੇ ਅਰ ਬੰਦੀ ਕਰੇ ।

ਚੌ:—ਸਿੰਘ ਰਹਤ ਥੇ ਦਰਯਾ ਕਿਨਾਰੇ । ਗਿਲਜਨ ਲਖ ਸਿੰਘ ਹੋ ਗਏ ਪਾਰੇ ।
ਤਬ ਗਿਲਜਨ ਕੋ ਗਰਬਾ ਆਇਆ । ਲਿਖ ਸਿੰਘਨ ਕੀ ਓਰ ਪਠਾਇਆ ।
ਇਮ ਲਿਖ ਭੇਜਯੋ ਸਿੰਘਨ ਪਾਸ । 'ਹਮ ਹੈਂ ਭਾਈ ਸ਼ਾਹ ਕੇ ਖਾਸ ।
ਤੁਮ ਅਖਵਾਵਤ ਸਿੰਘ ਸਿਪਾਹੀ । ਹਮ ਦੇਖਨ ਤੁਮ ਆਏ ਲੜਾਈ!' ।

ਦੋਹਰਾ-ਗਰਦ ਦੇਖ ਤੁਮ ਭਜ ਗਏ ਭਏ ਦਰਿਯਾਵੋਂ ਪਾਰ ।
ਝੂਠ ਕਹਾਯੋ "ਸਿੰਘ ਤੁਮ" ਗੀਦੀ, ਗੁਲਾਮ, ਗੁਵਾਰੁ ।
ਅਕੈ ਤੋ ਹਮ ਸੋਂ ਖੜ ਤੁਸੀਂ ਆਇ ਕਰੋ ਦੁਇ ਹਾਥ ।
ਦੁਇ ਦੁਇ ਆਵੋ ਸਿੰਘ ਤੁਮ ਇਕ ਇਕ ਦੁਰਾਨੀ ਸਾਥ ।
ਸਿੰਘਨ ਲਾਇ ਦੀਵਾਨ ਤਬ ਲਈ ਲਿਖਤ ਸਭ ਵਾਚ ।
ਉੱਤਰ ਉਨਕੋ ਲਿਖ ਪਠਯੋ 'ਹਮ ਤੁਮ ਲਰਨ ਇਹ ਸਾਚ' ।



Digitized by Panjab Digital Library | www.panjabdigilib.org

ਚੌ:—ਦਸ ਦੁਰਾਨੀ ਤੁਮ ਇਤ ਤੇ ਆਯੋ । ਹਾਥ ਬੰਦੂਕ ਤੁਮ ਬਡੀ ਫੜਾਯੋ ।
ਇਤ ਤੇ ਆਵੈਂ ਪੰਜ ਭੁਜੰਗੇ । ਢਾਲ ਤਲਵਾਰਨ ਫੜ ਰਾਮ ਜੰਗੇ ।
ਫਿਰ ਗਿਲਜਨ ਇਮ ਆਖ ਘਲਾਈ । 'ਹਮ ਫੜ ਲੜੈਂ ਨ ਬੰਦੂਕ ਲੜਾਈ ।
ਛੁਰੀ ਕਟਾਰੀ ਸ਼ਮਸ਼ੇਰ ਫੜ ਆਵੈਂ । ਤੀਰ ਬੰਦੂਕ ਹਮ ਨਹਿੰ ਲੈ ਆਵੈਂ ।
ਤੇਗ ਕਟਾਰੀ ਛੁਰੀ ਤੁਮ ਫੜੋ । ਬੰਦੂਕ ਕਮਾਨ ਆਵੋ ਘਰ ਧਰੋ' ।
ਆਗੇ ਖਾਲਸੇ ਲਿਖੇ ਕਰਾਰ । 'ਹਮ ਤੋਂ ਲੜੈਂ ਬੰਦੂਕ ਸੰਭਾਰ ।
ਸ੍ਰੀ ਸਤਿਗੁਰੂ ਨੇ ਹਮੈ ਫੁਰਮਾਯਾ । ਦੁਸ਼ਟ ਮਾਰਨ ਰਾਮ ਜੰਗੋ ਫੜਾਯਾ ।'
ਇਤ ਉਤ ਤੇ ਯੋਂ ਕਰੇ ਕਰਾਰ । ਕੋਈ ਨ ਮਾਨੈ ਦੁਬਿਧਾ ਧਾਰ ।

ਦੋਹਰਾ-ਗਿਲਜੇ ਜੋਰ ਸੰਜੋਇ ਕੇ ਓਹਲੈ ਲੜੈਂ ਬਿਚਾਰ ।
ਡਰੈਂ 'ਰਾਮ ਜੰਗੇ ਖਾਲਸੇ ਕਾਟ ਸੰਜੋਇ ਨ ਦੇਵੈਂ ਮਾਰ' ।
ਪ੍ਰਾਤ ਹੋਤ ਇਕ ਆ ਖੜੋ ਹਰਕਾਰੋ ਦੀਓ ਘਲਾਇ ।
'ਜੇ ਤੁਮ ਮੈਂ ਕੋਊ ਮਰਦ ਹੈ ਤੌ ਲੜੈ ਇਕੇਲੇ ਆਇ ।

ਚੌ:—ਛੁਰੀ ਕਟਾਰੀ ਤੇਗਨ ਸਾਥ । ਆਨ ਕਰੈ ਹਮ ਸੋਂ ਦੋਊ ਹਾਥ ।
ਨਹੀਂ ਲਰੋ ਤੌ ਗੀਦੀ ਅਖਵਾਵੋ । ਨਾਮ ਸਿੰਘ ਤੁਮ ਕੂੜ ਸਦਾਵੋ' ।
ਲੈ ਲੈ ਨਾਮ ਸਿੰਘ ਧਤਕਾਰੈ । ਕਹੈ 'ਲਿਖੋ ਤੁਮ ਹਮ ਜੰਗ ਹਾਰੈ' ।
ਗੁਰੂਅਨ ਕੀ ਸੁ ਸੁਗੰਦੈਂ ਦਏ । 'ਹਮ ਸੋਂ ਹਾਥ ਜੁਆਨ ਆਇ ਕਰੇ ।
ਜੋ ਲੜਨ ਮਰਨ ਕੋ ਮੁਹਰੇ ਜਾਵੈ । ਮਾਤਾ ਪਿਤਾ ਤਿਸ ਧੰਨ ਕਹਾਵੈ ।
ਜੋ ਕੋਊ ਲੜਨੋਂ ਲੁਕ ਛਿਪ ਰਹੈ । ਮਾਤ ਪਿਤਾ ਤਿਸ ਲੱਜਤ ਰਹੈ ।
ਧਰਮ ਜੁੱਧ ਜਿਮ ਅਗੇ ਕਹਾਵਤ । ਉਹੀ ਤੌਰ ਤੁਮ ਕਯੋਂ ਨਹਿ ਆਵਤ ?
ਧ੍ਰਿਗ ਪੰਥ ਔ ਧ੍ਰਿਗ ਸਿੰਘ ਨਾਮ' । ਆਖ ਫਿਰਯੋ ਨਿਜ ਫੌਜ ਮੁਕਾਮ ।

ਦੋਹਰਾ-ਕੋਊ ਸਿੰਘ ਨਿਕਸਯੋ ਨਹੀਂ, ਤੌ ਚੜ੍ਹਤ ਸਿੰਘ ਰੋਸ ਕੀਓ ।
ਛੋਡ ਬੰਦੂਕ ਆਗੇ ਤੁਰਯੋ ਖੰਡਾ ਹਾਥ ਲੀਓ ।

ਚੌ:—ਤਬ ਸੁੱਖਾ ਸਿੰਘ ਬਾਤ ਬਿਚਾਰੀ । 'ਯਹ ਬਾਲਕ ਕਬ ਮਾਰੈ ਕੰਧਾਰੀ ।
ਉਸ ਕੀ ਦੇਹ ਲੋਹ ਸੋਂ ਮੜ੍ਹੀ । ਉਸਕੀ ਸਕੈ ਨ ਇਹ ਕਾਟ ਕੜੀ ।
ਉਹ ਖਾ ਜਾਵੈ ਦੁੰਬਾ ਸਾਰਾ । ਹਮ ਸਿੰਘਨ ਸਾਗ ਪਾਤ ਗੁਜਾਰਾ ।
ਭਜਾਇ ਘੋੜਾ ਉਨ ਚੜ੍ਹਤ ਸਿੰਘ ਕਹਯੋ । ਯਹ ਗਿਰਜੇ ਤੈਂ ਕੈਸੇ ਮਾਰ ਲਯੋ ?
ਤੁਮ ਤੇ ਚੌਗਨ ਤਾਂਹਿ ਸਰੀਰ । ਕਬ ਤੁਪ ਤੇਗ਼ ਸਕੈ ਉਸ ਚੀਰ ।
ਮਣ ਪੰਜ ਸਤ ਉਸ ਲੋਹਾ ਪਾਯੋ । ਸਹਤ ਘੋੜੇ ਉਹ ਫੁਲਾਦ ਮੜ੍ਹਾਯੋ ।
ਬੋਝ ਚੁੱਕੈ ਉਹ ਮਨ ਬੀਸ ਤੀਸ । ਦੌੜ ਥਕੇ ਨਹਿੰ ਜੌ ਕੋਹ ਤੀਕ ।
ਇਸੇ ਜੋਰ ਉਹ ਲੜੈ ਤਲਵਾਰੀ । ਤੈਂ ਬਾਲਕ ਨਹਿੰ ਬਾਤ ਬਿਚਾਰੀ ।



Digitized by Panjab Digital Library | www.panjabdigilib.org

ਦੋਹਰਾ-ਸੁਣ ਚੜ੍ਹਤ ਸਿੰਘ ਤਿਹ ਕਹੀ 'ਅਹੈ ਸਤਯ ਯਹ ਬਾਤ ।
ਪਰ ਸਹਜੋ ਅਸਾਂ ਤੇ ਜਾਤ ਨਹਿੰ ਸਨਮੁਖ ਤੁਰਕ ਗਰਬਾਤ ।

ਚੌ:—ਖੋਟੇ ਬਚਨ ਵਹਿ ਮੁਖੋਂ ਉਚਾਰੇ । ਹਮ ਜੀਵਤ ਪੰਥ ਧਤਕਾਰੇ ।
ਪੰਥ ਨਿੰਦਯਾ ਹਮ ਸੁਨੈਂ ਕਿਮ ਕਾਨ । ਇਮ ਕਰ ਲੜ ਮਰ ਤਜੋਂ ਪਰਾਨ ।

ਦੋਹਰਾ-ਮਾਰਨ ਮਰਨ ਹਥ ਸਤਿਗੁਰੂ ਹਮ ਹਥ ਉੱਦਮ ਆਹਿ ।
ਦੇਖ ਸਕੈਂ ਨਹ ਦੁਸ਼ਟ ਇਮ ਪਰੋਂ ਇਸੇ ਪਰ ਧਾਇ ।
ਜੈਸੇ ਤਨਕ ਸੁ ਹਰਭਜਨ ਗਾਰੇ ਘਨੋ ਸੁ ਪਾਪ ।
ਤੈਸੇ ਮਾਰੋਂ ਪਠਾਣ ਯਹ ਸਤਿਗੁਰ ਕੇ ਪਰਤਾਪ' ।

ਚੌ:—ਕਹਜੋ ਸੁਖਾ ਸਿੰਘ 'ਧੰਨ ਤੂੰ ਬਾਲ । ਤੂੰ ਖੜੋ ਦੇਖ ਅਬ ਸਾਡੀ ਚਾਲ' ।
ਸੁੱਖਾ ਸਿੰਘ ਭੀ ਸੰਜੋਇ ਮੰਗਾਯੋ । ਹੱਥੀਂ ਦਸਤਾਨੇ ਸਿਰ ਟੋਪ ਟਿਕਾਯੋ ।
ਪਾਖਰ ਮੰਗਾਇ ਘੋੜੇ ਪੈ ਡਾਰੀ । ਲੀਨੀ ਥੀ ਜੋ ਗਿਲਜਨ ਕੋ ਮਾਰੀ ।
ਚੜਤ ਸਿੰਘ ਤਿਸੁ ਅੰਗ ਪਹਿਰਾਯੋ । ਘੋੜਾ ਸਿੰਘ ਕਾ ਖ਼ੂਬ ਸਜਾਯੋ ।
ਲਈ ਸਿਰੋਹੀ ਦੁਇ ਕਰ ਨਮਸਕਾਰ । ਗਾਤਰੇ ਪਾਈ ਢਾਲ ਸੰਭਾਲ ।
ਪੰਜ ਸਿੰਘਨ ਤੇ ਅਰਦਾਸ ਕਰਾਈ । 'ਹੋਇਓ ਸਤਿਗੁਰੂ ਜੀ ਸਿੰਘ ਸਹਾਈ' ।
ਨਮਸਕਾਰ ਕਰ ਆਸਨ ਬਹਯੋ । ਸਗਨ ਬਾਂਛਯੋਂ ਤਬ ਦਹਣੋ ਭਯੋ ।
ਦੇਖ ਸਿੰਘ ਕੋ ਦਿਲ ਇਓਂ ਭਯੋ ਹੁਸ਼ਯਾਰ । ਜਾਇ ਆਗੇ ਗਿਲਜੋ ਲਓਂ ਮਾਰ ।

ਦੋਹਰਾ-ਜਬ ਸਿੰਘ ਘੋੜਾ ਤੋਰਿਆ ਔਰ ਸਗੁਨ ਭਯੋ ਚੰਗ ।
ਬਿੱਚ ਬਰੇਤੀ ਜਾ ਖੜੋ ਅਧ ਦਰਿਯਾਵੈ ਲੰਘ ।

ਚੌ:—ਸੁੱਖਾ ਸਿੰਘ ਚੜ੍ਹਤ ਸਿੰਘ ਸਮਝਾਯੋ । ਔਰ ਪੰਥ ਕੋ ਪੀਛੇ ਹਟਾਯੋ ।
'ਹਮ ਕੋ ਹੈ ਸਤਿਗੁਰ ਕਾ ਤਾਣ । ਮੈਂ ਜੀਵਤ ਨਹੀਂ ਛਡੌਂ ਪਠਾਣ ।
ਸੁਖਾ ਸਿੰਘ ਪਠਾਣ ਲਲਕਾਰੋ । 'ਅਬ ਮੁੜਨਾ ਕਿਮ ਬਨੈ ਤੁਮਾਰੋ ।
ਪੰਥ ਨਿੰਦਾ ਕਰਿ ਜਾਵੈਂ ਕਹਾਂ । ਕਬਰ ਤੁਮਾਰੀ ਹੋਗੀ ਯਹਾਂ ।
ਹਮ ਮਾਰੈਂਗੇ ਤੁਮ ਕੋ ਐਸੇ । ਸਾਚ ਕਾਟ ਹੈ ਝੂਠ ਕੋ ਜੈਸੇ ।
ਤੂੰ ਆਯੋ ਮਨ ਕਰ ਹੰਕਾਰ । ਹਮ ਕੋ ਸਮਝਯੋ ਸਸਾ ਸ਼ਿਕਾਰ ।
ਦੇਖ ਸਸੇ ਤੇ ਹੋਤ ਹੂੰ ਸ਼ੇਰ । ਭੂਲ ਫਸਯੋਂ ਤੂੰ ਆਇ ਇਤ ਫੇਰ ।
ਐਸੇ ਆਖ ਸਿੰਘ ਭਯੋ ਖੜਾ । ਉਤ ਤੈ ਆਇ ਗਿਲਜੋ ਭੀ ਅੜਾ ।

ਦੋਹਰਾ-ਦੋਨੋਂ ਬਾਤਾਂ ਖੜ ਕਰੈਂ ਜਨੁ ਬਡ ਕਰਤ ਪਿਆਰ ।
ਦੋਊ ਤੇਗਾਂ ਹਥ ਧਰੈਂ ਕਹੈਂ 'ਮਾਰ' 'ਤੂੰ ਮਾਰ' ।



Digitized by Panjab Digital Library | www.panjabdigilib.org

ਚੌ:—ਦੋਊ ਲਾਗੇ ਬਾਤਾਂ ਕਰਨ । ਆਪਸ ਮੇਂ ਦੋਊ ਲਾਗੇ ਅੜਨ ।
ਸਿੰਘ ਕਹਯੋ 'ਤੂ ਪਠਾਣ ਸੰਭਾਲ । ਅਕੈ ਲਯਾਵੋ ਕੋਈ ਦੂਜੋ ਨਾਲ ।
ਪਠਾਣ ਕਹਯੋ 'ਮੈਂ ਇਕੱਲੋ ਸ਼ੇਰ । ਬਕਰੀ ਜਯੋ ਤੁਝ ਲੈਹਾਂ ਗੇਰ'।
ਦੋਨਨ ਕੀਤੇ ਸਨਮੁਖ ਘੋੜੇ । ਦੋਊਅਨ ਤੇਗਨ ਸੋਂ ਹਥ ਜੋੜੇ ।
ਐਸੇ ਕਹੈ 'ਕਰ ਪ੍ਰਿਥਮ ਤੂੰ ਵਾਰ'। ਜੈਸੇ ਭਾਈ ਦੋ ਕਰਤ ਪਿਆਰ ।
ਦੋਊ ਜਾਨੈਂ ਸ਼ਸਤਰ ਚਲਾਵਨ । ਦੋਊ ਜਾਨੈਂ ਘਾਤ ਬਚਾਵਨ ।
ਹੁਇ ਸਨਮੁਖ ਵਾਰ ਦੋਊਅਨ ਕੀਓ । ਢਾਲਨ ਊਪਰ ਦੋਊਅਨ ਲੀਓ ।
ਜਿਓਂ ਵਧਾਣ ਅਹਿਰਣ ਪਰ ਮਾਰੈਂ । ਇਮ ਢਾਲਨ ਪਰ ਤੇਗਾਂ ਝਾਰੈ ।

ਦੋਹਰਾ-ਦੋਊ ਵਾਰ ਡਾਢੇ ਕਰੈਂ ਗਿਰੀ ਢਾਲੇਂ ਹੋਏ ਟੂਕ ।
ਕਾਟਨ ਚਾਹੇ ਜ਼ਿਰਾਹ ਮਾਰੈਂ ਚੋਟ ਅਚੂਕ ।

ਚੌ.—ਤੇਗਨ ਸੋਂ ਪਟਕੇ ਕਟ ਗਏ । ਛੁਰਾ ਛੁਰੀ ਸਭ ਗਿਰ ਪਏ ।
ਦੋਊਅਨ ਤੇਗਨ ਮੁਖ ਟੂਟ ਗਏ । ਲੜਤ ਭਿੜਤ ਆਪਸ ਮੇਂ ਖਹੇ ।
ਘੋੜਨ ਮੈਂ ਨਹਿ ਤਾਕਤ ਰਹੀ । ਜ਼ਖਮਨ ਤੇ ਰਤ ਸਭ ਚੁਇ ਗਈ ।
ਘੋੜਨ ਸੋਂ ਘੋੜੇ ਢੁਕ ਪਏ । ਮੋਢਨ ਸੋਂ ਮੋਢੇ ਅੜ ਗਏ ।

ਦੋਹਰਾ-ਜੱਫਮ ਜੱਫੀ ਹੋ ਰਹੇ ਗਿਰੇ ਭੂਮ ਮਧ ਝੂਮ ।
ਭਏ ਫੱਟ ਗਿਰ ਸੱਟ ਲਗੀ ਪਰੇ ਮੂਰਛਾ ਭੂਮ ।

ਚੌ:—ਤਬ ਸਿੰਘ ਕੋ ਕਛੁ ਸੋਝੀ ਆਈ । ਬਿਛੂਆ ਤਬ ਲੀਓ ਸਿੰਘ ਹਾਥ ਪਵਾਈ ।
ਚਕ ਸੰਜੋਇ ਦਈਓ ਪੇਟ ਧਸਾਇ । ਦਿਲ ਅਰ ਰੁਕੜੇ ਗਯੋ ਵਹਿ ਖਾਹਿ ।
ਠੋਸ ਦਈ ਉਸ ਕੇ ਮਧ ਪੇਟ । ਆਂਤ ਓਝਰੀ ਕਢੀ ਸਮੇਟ ।
ਸਤਿਗੁਰ ਰਖੀ ਖਾਲਸੇ ਲਾਜ । ਫਤੇ ਬੁਲਾਇ ਉਠਾ ਸਿੰਘ ਗਾਜ ।

ਦੋਹਰਾ-ਇਤੇ ਮੁਗਲ ਸੋ ਬੱਧ ਭਯੋ ਹੁਤੋ ਜੁ ਅਤਿ ਗਰਬਾਤ ।
ਰਤਨ ਸਿੰਘ ਨੇ ਤਿਮ ਲਿਖੀ ਜਿਮ ਸੁਨੀ ਸਿੰਘਨ ਤੇ ਬਾਤ ।

ਚੌ:—ਫਤੇ ਬੁਲਾਇ ਸਿੰਘ ਪੀਛੇ ਮੁੜਿਓ । ਦੌੜ ਸਿੰਘ ਵਲ ਖਾਲਸੋ ਤੁਰਿਓ ।
ਉਤ ਤੈ ਗਿਲਜਨ ਹੱਲੋ ਕੀਓ । ਇਤ ਤੈ ਸਿੰਘਨ ਮੋਹਰੋ ਲੀਓ
ਚੜ੍ਹਤ ਸਿੰਘ ਘੋੜਾ ਅਗੇ ਚਲਾਇ । ਬਾਹਿੰ ਗਹੀ ਲਯੋ ਸਾਥ ਚੜ੍ਹਾਇ ।
ਸਿੰਘ ਜੀ ਕੋ ਲੈ ਅਏ ਉਰਾਰ । ਗਿਲਜੇ ਹਟਾਏ ਉਸ ਹੀ ਪਾਰ ।

ਦੋਹਰਾ-ਚੜ੍ਹਤ ਸਿੰਘ ਸੁਖਾ ਸਿੰਘ ਕੀ ਬਾਡੀ ਅਤਿਸ਼ੈ ਪ੍ਰੀਤ ।
ਦੇਹੀ ਜਾਪਤ ਦੁਇ ਦੋਇਨ ਰਹਯੋ ਏਕ ਹੈ ਚੀਤ ।



Digitized by Panjab Digital Library | www.panjabdigilib.org

ਚੌ:—ਸਰਦਾਰ ਸਭੀ ਚਲ ਡੇਰੇ ਆਏ। ਇਕ ਇਕ ਘੋੜਾ ਸਭੀ ਲਿਆਏ।
ਦੈ ਦੈ ਧੰਨ ਧੰਨ ਕਹਜੋ। ਸਿੰਘ ਚਹੈ ਦੋਖ ਕੰਨਜਾਂ ਬਖਸ਼ਯੋ।

ਦੋਹਰਾ-ਠਾਂਢ ਭਯੋ ਕਰ ਜੋਰ ਕਰ ਸਰਬ ਪੰਥ ਕੇ ਪਾਸ।
ਲਯੋ ਖਾਲਸੇ ਮੇਲ ਗਲ ਕਰ ਦਈ ਖੁਸ਼ੀ ਅਰਦਾਸ।

ਚੌ:—ਘੋੜੇ ਮੋੜ ਸਭੈ ਉਨ ਦਏ। ਸ਼ਜਾਮ ਸਿੰਘ ਕੇ ਉਨ ਰਖ ਲਏ।
ਸ਼ਜਾਮ ਸਿੰਗ ਕੋ ਬੇਟੋ ਕਹਾਵੇ। ਕਹਾਂ ਕਮੀ ਉਸ ਘੋੜਨ ਆਵੇ।

ਦੋਹਰਾ-ਸਾਖੀ ਸੁੱਖਾ ਸਿੰਘ ਕੀ ਸੁਨੀ ਸੁ ਦਈ ਲਿਖਾਇ।
ਰਤਨ ਸਿੰਘ ਔਰ ਕਹੈਗੋ ਸੋਈ ਸੁਨੋਂ ਚਿਤ ਲਾਹਿ।



Digitized by Panjab Digital Library | www.panjabdigilib.org

੩

# ਸਾਖੀ ਸੁਖਾ ਸਿੰਘ ਕੀ ਹੋਰ ਤੁਰੀ

[ਭਾਈ ਸੁਖਾ ਸਿੰਘ ਨੇ ਕਰਮੇ ਛੀਨੇ ਨੂੰ ਮਾਰਿਆ]

ਦੋਹਰਾ-ਫਿਰ ਵਿਚ ਵਿਚ ਸਿੰਘ ਹਥ ਘਤੈਂ, ਮਾਰੈਂ ਦੁਸਟਨ ਧਾਇ ।
ਆਗੇ ਪਾਛੇ ਹੌ ਲੜੈਂ ਨਹਿੰ ਮੁਗਲ ਪਠਾਣਨ ਕਛੂ ਬਸਾਇ ।

ਚੌ:—ਮਾਰੀ ਤਬ ਨੂਰਦੀਨ ਸਰਾਂਇ । ਸੰਘਰ ਕੋਟ ਤਬ ਲੂਟਯੋ ਥਾਇ ।
ਕਤਲ ਕੀਯੋ ਤਬ ਗਾਉਂ ਮਜੀਠਾ । ਲੀਨੋ ਬੈਰ ਸੁ ਚੜ੍ਹਤ ਸਿੰਘ ਡੀਠਾ ।
ਫਿਰ ਚੜ੍ਹਤ ਸਿੰਘ ਕਹਿ 'ਮਾਰੀਏ ਛੀਨੇ । ਕਰਮ ਧਰਮ ਸਿੰਘ ਬੈਰ ਚਹੈ ਲੀਨੇ' ।
ਸਿੰਘਨ ਘੇਰਾ ਗ੍ਰਾਮਹਿ ਪਾਯਾ । ਗ੍ਰਾਮ ਲੜਨ ਤਬ ਬਾਹਰ ਆਇਆ ।
ਸਿੰਘਨ ਲੀਏ ਸੁ ਬਾਹਰੇ ਮਾਰ । ਪਿਡ ਛੀਨਾ ਬੜੇ ਸਿੰਘ ਤਿਨਕੇ ਨਾਰ ।
ਲੂਟ ਕਰੀ ਔ ਕਟੇ ਬਹੁਤੇਰੇ । ਪਾਏ ਸਿੰਘਨ ਕਰਮੇ ਗੜ੍ਹ ਘੇਰੇ ।

ਦੋਹਰਾ-ਤਬ ਕਰਮੇ ਨੇ ਜਾਣਿਓ ਸਿੰਘ ਅਬ ਛਾਡਤ ਨਾਂਹਿ ।
ਤੇਰਾਂ ਬਹੂ ਤਿਸ ਆਪਣੀ ਆਪੇ ਦਈ ਕਟਾਇ ।

ਚੌ:—ਕਈ ਦਿਨਨ ਮੈਂ ਗੜ੍ਹੀ ਸੁ ਮਾਰੀ । ਫਿਰ ਆਕੀ ਉਨ ਕਰੀ ਅਟਾਰੀ ।
ਮੁਕ ਗਯੋ ਤਹਿੰ ਸਿੱਕਾ ਅਰ ਦਾਰੂ । ਲਗਯੋ ਢੀਮ ਸੋਂ ਸਿੰਘਨ ਮਾਰੂ ।
ਤਬ ਸਿੰਘ ਚੜ੍ਹੇ ਅਟਾਰੀ ਉੱਚੀ । ਢੀਮਨ ਭਰੀ ਜੋ ਕੀਨੀ ਨੀਚੀ ।
ਤਬ ਸਿੰਘਨ ਚੜ੍ਹ ਮੱਲੀ ਅਟਾਰੀ । ਹੇਠ ਵੜਯੋ ਕਰਮਾਂ ਹੰਕਾਰੀ ।
ਫਿਰ ਸਿੰਘਨ ਵਹਿ ਛਤ ਜੋ ਢਾਈ । ਗੋਲੀ ਛੱਤਨ ਚੀਰ ਲੰਘਾਈ ।
ਤਬ ਉਨ ਜਾਨੀ ਬਚੌਂ ਸੁ ਨਾਹੀਂ । ਅਪਨੇ ਕੀਨੋ ਪਰ ਪਛੁਤਾਹੀ ।
ਜਾਣਯੋਂ ਯਿਹ ਅਬ ਛਡਤੇ ਨਾਹੀਂ । ਖੋਟੇ ਕਰਮ ਕੀਏ ਥੇ ਤਾਹੀਂ ।
ਤਬ ਸਿੰਘਨ ਸੋਂ ਕਹੀ ਉਨ ਬਾਤ । 'ਹਮ ਸੰਗ ਕਰੋ ਅਕੈਲੋ ਹਾਥ' ।
ਤਬ ਸੁਖਾ ਸਿੰਘ ਹੁਤੇ ਤਖਾਨ । ਮਾੜੀ ਵਾਲੋ ਪ੍ਰਗਟ ਜਹਾਨ ।
ਜਿਨ ਥੇ ਕੀਯੇ ਕਈ ਅਖਾਰੇ । ਸੋ ਆਖੋਂਗੋ ਫੇਰ ਸੁਧਾਰੇ ।



Digitized by Panjab Digital Library | www.panjabdigilib.org

ਉਨ ਕਹਜੋ 'ਕਰਮੇਂ ਆਉਂ ਮੁਹਿ ਪਾਹੀਂ । ਔਰ ਕਿਸੀ ਕਾ ਤੋਹ ਭਉ ਨਾਹੀ।
ਕਹੈ ਸੁ 'ਲੜ ਤੂੰ ਹਾਥਨ ਨਾਲ । ਮੁੱਕਨ, ਢੀਮਨ, ਸੋਟਨ ਚਾਲ।
ਤੀਰ ਬੰਦੂਕ ਹੋਰ ਭ ਨਾਹੀਂ । ਕੇ ਆਵਾਂ ਮੈਂ ਕੈ ਤੂੰ ਆਹੀ"।
ਤਬ ਕਰਮੇਂ ਨੇ ਪਕੜੀ ਢਾਲ । ਆਯੋ ਸ਼ੇਰ ਜਿਉ ਭਰਕੇ ਛਾਲ।
ਸੁਖਾ ਸਿੰਘ ਕਹਜੋ 'ਵਾਰ ਅਬ ਤੇਰਾ । ਵਾਰ ਦੂਸਰਾ ਹੋਗਾ ਮੇਰਾ' ।
ਤਬ ਕਰਮੇਂ ਨੇ ਬਰਛੀ ਮਾਰੀ। ਸੁਖਾ ਸਿੰਘ ਉਲਟ ਢਾਲ ਸੰਭਾਰੀ।
ਸੁਖਾ ਸਿੰਘ ਮੁੜ ਤਲਵਾਰ ਚਲਾਈ। ਕਰਮਾਂ ਦੋ ਥਾ ਕੀਨੋਂ ਥਾਈ।
ਇਸੀ ਭਾਂਤ ਸੋਂ ਕਰਮਾਂ ਮਾਰਾ । ਔਰ ਸੁਖਾ ਸਿੰਘ ਸੁਨੈ ਅਖਾਰਾ ।



Digitized by Panjab Digital Library | www.panjabdigilib.org

੪

# ਸਾਖੀ ਸੁਖਾ ਸਿੰਘ ਕੀ ਬਹਾਦਰੀ ਕੀ

ਜਬ ਤੁਰਕਨ ਪਾਯੋ ਬੋ ਜੋਰ। ਨਹਾਵਨ ਨਹਿ ਦੇਤ ਅੰਮ੍ਰਿਤ ਸਰੋਵਰ।
ਫੌਜ ਤੁਰਕਨ ਨੇ ਘੇਰਾ ਪਾਇਓ। ਖਾਲਸਾ ਅੰਦਰ ਵੜਨ ਨ ਪਾਇਓ।

ਦੋਹਰਾ-ਮਨੀ ਸਿੰਘ ਜਬ ਤੇ ਫੜਯੋ ਫਿਰ ਸਿੰਘ ਢੁੱਕਨ ਨ ਪਾਹਿ।
ਰਾਤੀਂ ਸਿੰਘ ਮੱਜਨ ਕਰੈਂ ਹਨੇਰ ਸਵੇਰੇ ਜਾਇ।

ਤੋ ਕਾਜੀ ਨੇ ਫੇਰ ਕਹਯੋ 'ਯਹ ਅੰਮ੍ਰਤਸਰ ਪਰਤਾਪ।
ਥੱਕੇ ਮਾਰੇ ਬਹੁ ਜਤਨ ਸੋਂ, ਹੋਤ ਨ ਸਿੰਘਨ ਪਾਪ।

ਚੌ:—ਤੌ ਮੁਗਲਨ ਨੇ ਚੌਂਕੀ ਬਹਾਲੀ। ਰਾਤੀਂ ਬਹਣ ਕਰੈਂ ਰਖਵਾਲੀ।
ਤੌਂ ਤੁਰਕਨ ਨੇ ਬੁਰਜ ਬਣਾਏ। ਚਾਰੋਂ ਔਰ ਬੰਦੂਕਚੀ ਬਹਾਏ।
ਜਹਿ ਪਾਣੀ ਹਿਲ ਖੜਕੋ ਹੋਈ। ਮਾਰੈਂ ਸ਼ਲਕ ਬੰਦੂਕਨ ਸੋਈ।
ਤੌਂ ਸਿੰਘ ਹੌਲੀ ਹੌਲੀ ਨ੍ਹਾਈਂ। ਤੁਰਕਨ ਅੱਖੀਂ ਘੱਟਾ ਪਾਈਂ।
ਤੌਂ ਫਿਰ ਕਾਜੀ ਗੁੱਸਾ ਖਾਯਾ। ਅੰਦਰ ਫੌਜਨ ਪੈਹਰਾ ਕਰਾਯਾ।
ਤਬ ਫੁਜਦਾਰ ਉਨ ਕੀਨੋ ਗਰਬ। ਲਿਖ ਭੇਜਯੋ ਜਹਿੰ ਖਾਲਸਾ ਸਰਬ।

ਦੋਹਰਾ-'ਤੁਮ ਸਿੰਘ ਕਹਾਵੋ ਸੂਰ ਬਡ ਔ ਕਹਾਵੋ ਗੁਰੂ ਕੇ ਲਾਲ।
ਤੌਂ ਜਾਣੋਂ ਮੈਂ ਸੂਰਮੇਂ ਆਇ ਨਹਾਵੋ ਅੰਮਤਸਰ ਤਾਲ।

ਚੌ:—ਸੁਨਤ ਖਾਲਸੋ ਸਭ ਚੁਪ ਰਹਯੋ। ਇਸਕੋ ਉੱਤਰ ਕਿਨੈ ਨ ਕਹਯੋ।
ਤਬ ਸੁਖਾ ਸਿੰਘ ਬੋਲ ਸੁਣਾਯਾ। 'ਹੋਹੁ ਤਕੜੇ ਅਬ ਖਾਲਸਾ ਆਯਾ'।
ਸੋਉ ਜਾਇ ਜਸੂਸ ਕਹੀ। ਤਬ ਤੁਰਕਨ ਕੋ ਚਿੰਤ ਪਈ।
ਉਚੇ ਟਾਂਗੂ ਦੀਏ ਚੜ੍ਹਾਇ। ਮਤ ਈਹਾਂ ਸਿੰਘ ਪੜੈਂਗੇ ਆਇ।
ਬਹੁਤ ਕਹੈਂ ਈਹਾਂ ਆਵੈ ਕੌਣ। ਈਹਾਂ ਆਵਣ ਕਜਾ ਆਵਾਗੌਣ?
ਈਹਾਂ ਰਾਤ ਕੌਣ ਢੁਕਨ ਨ ਪਾਵੈ। ਪੰਛੀ ਦਿਨੇ ਜਲ ਪੀਣ ਨ੍ਹ ਪਾਵੈਂ।



Digitized by Panjab Digital Library | www.panjabdigilib.org

ਦੋਹਰਾ-ਆਗੇ ਤੇ ਉਨ ਦਸਗੁਣੀ ਕਰੀ ਤਕੜਾਈ ਤਿੱਤ।
ਸੁਣੇਂ ਸੁ ਆਵਨ ਸਿੰਘ ਕੋ, ਆਯੋ ਬੋ ਢੱਬ ਜਿੱਸ।
ਸੁਖਾ ਸਿੰਘ ਤਬ ਯੌ ਕਹਯੋਂ 'ਰਾਤ ਨ੍ਹਾਉਂ ਤਬ ਚੋਰ।
ਨ੍ਹਾਵੋਂਗੋ ਮੈਂ ਦਿਨ ਬਿਖੈ ਸ੍ਰੀ ਸਤਿਗੁਰ ਕੇ ਜੋਰ'।

ਚੌ:—ਤਬੈ ਖਾਲਸੇ ਭਲੀ ਮਨਾਈ। 'ਸਤਿਗੁਰ ਪੈਜ ਰਖੇ ਤੁਵ ਭਾਈ।
ਯਹ ਹੈ ਸਿਰੋਂ ਪਰੇ ਕੀ ਬਾਤ। ਕੌਨ ਸਕੈ ਕਰ ਤੁਮਰੋਂ ਸਾਥ'।

ਦੋਹਰਾ-ਤੁਰਕਨ ਜਿਉਂ ਮੁੰਡਾਸਾ ਬੰਧਿਓ ਲਈ ਸੁ ਹਾਥ ਕਮਾਨ।
ਸਵਾ ਪਹਿਰ ਦਿਨ ਜਬ ਰਹਯੋ ਅੰਮ੍ਰਿਤਸਰ ਪਹੁੰਚਿਓ ਆਨ। ੧੩।

ਚੌ:—ਸਰਾਂ ਰਸਤੇ ਢਿਗ ਆਯੋ ਤਲਾਇ। ਜਲ ਪਿਲਾਵਨ ਕੋ ਕਰਯੋ ਸੁਦਾਇ।
ਘੋੜਾ ਆਗੇ ਕਰ ਅੰਮ੍ਰਿਤ ਪਿਲਾਯਾ। ਉਤਰ ਘੋੜੇ ਤੇ ਚੁੱਭਾ ਲਾਯਾ।
ਸਿਰੋਂ ਮੁੰਡਾਸਾ ਦੂਰ ਸੁ ਕੀਨਾ। ਤਬ ਤੁਰਕਨ ਨੇ ਅਚੰਭਾ ਚੀਨਾ।
ਘੋੜੇ ਸਮੇਤ ਕੀਆ ਸ਼ਨਾਨ। ਹੈ ਹਿੰਦੂ ਨਹਿੰ ਮੁਸਲਮਾਨ।
ਤੌ ਲੌ ਸਿੰਘ ਅਕਾਲ ਉਚਾਰਾ। ਪਗੜੇ ਸਣੇਂ ਸੁ ਚੁੱਭਾ ਮਾਰਾ।
ਸਿੰਘ ਨਿਕਲ ਫਿਰ ਬਾਹਰ ਆਯਾ। ਤੁਰਕਨ ਕੋ ਲਲਕਾਰ ਸੁਨਾਯਾ।
ਸਨਮੁਖ ਆਇਓ ਸੁ ਮਾਰੂ ਤਾਹਿ। ਭਜੇ ਛਡੋ ਹਮਰੋ ਰਾਹਿ।
ਕਾਢ ਤੇਗ ਜਬ ਸਿੰਘ ਚਮਕਾਈ। ਕੋਇ ਨ ਠਹਰਯੋ ਸਭ ਕਰ ਗਏ ਧਾਈ।

ਦੋਹਰਾ-ਐਧਰ ਓਧਰ ਹੋ ਗਏ ਛਾਡ ਦਯੋ ਉਨ ਰਾਹਿ।
ਤੀਰ ਸੁ ਗੋਲੀ ਤਿਨ ਘਨੀ ਪਾਛੇ ਦਈ ਚਲਾਇ।



Digitized by Panjab Digital Library | www.panjabdigilib.org

੫

# ਸਾਖੀ ਜਸਪਤ ਰਾਏ ਕੀ ਚਲੀ

[ਖਾਲਸੇ ਦੀਆਂ ਭਾਜੜਾਂ ਤੇ ਜਸਪਤ ਦਾ ਸਿੰਘਾਂ ਤੇ ਹੱਲਾ ਤੇ ਉਸਦਾ ਮਾਰਿਆ ਜਾਣਾ]

ਦੋਹਰਾ-ਖਾਨ ਬਹਾਦਰ ਜਬ ਮਰਯੋ ਰਹੇ ਪੁੱਤ੍ਰ ਉਸ ਦੋਇ ।
ਲਾਹੌਰੈ ਔ ਮੁਲਤਾਨ ਕੇ ਸੂਬੇਦਾਰ ਭਏ ਸੋਇ ।

ਚੌ;— ਅਹੀਯਾ ਖਾਂ ਔ ਸ਼ਾਹ ਨਿਵਾਜ । ਦੋਨੋਂ ਮਿਲ ਕਰ ਕੀਨੋਂ ਰਾਜ ।
ਸ਼ਾਹ ਨਿਵਾਜ ਫੜ ਅਹੀਯੋ ਲਯੋ । ਲੂਟ ਕੂਟ ਬਾਹਰ ਕਰ ਦਯੋ ।
ਇਸ ਬਿਧਿ ਕਾਲ ਕਛੁਕ ਬਿਤਾਯੋ । ਸ਼ਾਹ ਨਿਵਾਜ਼ ਨਵਾਬ ਕਹਾਯੋ ।
ਸੋ ਭੀ ਲਾਗਯੋ ਸਿੰਘਨ ਮਾਰਨ । ਐਸੇ ਭਯੋ ਸਮੇਂ ਕੋ ਕਾਰਨ ।
ਲਖਪਤਿ ਜਸਪਤਿ ਭਏ ਦਿਵਾਨ । ਕਲਾਨੌਰ ਕੇ ਖੱਤ੍ਰੀ ਜਾਨ ।
ਤੇ ਭੀ ਸਿੰਘਨ ਮਾਰਨ ਡਹੇ । ਉਨ ਸਿਉਂ ਖਾਲਸੋ ਲੜ ਮਰ ਖਹੇ ।
ਸਿੰਘ ਭੀ ਰਖੈਂ ਪਤਿਸ਼ਾਹੀ ਦਾਵਾ । ਮਾਰੈਂ ਤੁਰਕਨ ਕਰਕੇ ਧਾਵਾ ।
ਜਹਿੰ ਸਿੰਘਨ ਕੋ ਸੁਨੈ ਸੁ ਡੇਰਾ । ਤੁਰਕ ਫੌਜ ਜਾ ਪਾਵੈਂ ਘੇਰਾ ।

ਦੋਹਰਾ-ਲੜੈਂ ਮਰੈਂ ਸਿੰਘ ਨਠ ਤੁਰੈਂ ਨਠ ਫਿਰ ਮੁੜ ਮਾਰਹਿੰ ।
ਮਾਰ ਭਜੈਂ ਸਿੰਘ ਜਹਿੰ ਛਿਪੈਂ ਪੀਛੇ ਤੁਰਕ ਪਹੁੰਚ ਜਾਹਿੰ ।

ਚੌ:— ਅੱਕ ਥੱਕ ਸਿੰਘ ਦਿਨ ਸੁ ਗੁਜ਼ਾਰੈਂ । ਊਹਾਂ ਤੇ ਫਿਰ ਆਗੇ ਸਿਧਾਰੈਂ ।
ਕਰਨ ਪਤਿਸ਼ਾਹੀ ਆਸਾ ਧਾਰੈਂ । ਪਾਵੈਂ ਦੁਖ ਸੋ ਸੁੱਖ ਬਿਚਾਰੈਂ ।
'ਬਚਨ ਗੁਰੂ ਹਮ ਸਾਚ ਭੀ ਹੋਹੈਂ । ਹੰਨੇ ਹੰਨੇ ਹਮ ਸ਼ਾਹੀ ਕਰੇਹੈਂ' ।
ਕੋਊ ਸਿੰਘ ਕਾਨਨ ਮੈਂ ਬਹੈਂ । ਸ਼ੇਰ ਬਘਯਾੜ ਖੱਡਨ ਮੈਂ ਰਹੈਂ ।
ਕੋਊ ਦਰਯਾਉ ਬਰੇਤੀ ਰਹੈਂ । ਤੁਰਕ ਜਾਇ ਤਾਂਹੀ ਥਾਂ ਲਹੈਂ ।
ਦੁਹੂੰ ਓਰ ਜਹਿੰ ਹੋਵੈ ਨੀਰ । ਲੁਕੇ ਬਚਾਵੈਂ ਅਪਨ ਸਰੀਰ ।
ਤੁਰਕ ਫੌਜ ਚੁਫੇਰਾ ਦੇਕੇ ਰੋਕੈਂ । ਮਾਰ ਬੰਦੂਕਨ ਸਿੰਘਨ ਠੂਕੈਂ ।
ਸਿੰਘ ਨੀਰ ਮੈਂ ਡੁਬ ਡੁਬ ਤਰੈਂ । ਤੁਰਕ ਬੰਦੂਕਨ ਫੂੰਡਨ ਕਰੈਂ ।

ਦੋਹਰਾ-ਘਰ ਤੇ ਕਢੇ ਸੁ ਬਣ ਲੁਕੈਂ ਬਨ ਛਡ ਨੀਰ ਲੁਕਾਇੰ ।
ਜਲ ਮਹਿੰ ਲੁਕੈਂ ਤੋ ਨਹਿੰ ਬਚੈਂ ਕਹੋ ਸਿੰਘ ਕਤ ਜਾਇੰ ।



Digitized by Panjab Digital Library | www.panjabdigilib.org

ਚੌ:—ਹੋਏ ਰਾਤ ਸਿੰਘਨ ਫੁਰੈਂ ਖਯਾਲ। ਤੁਰਕ ਰਲੈਂ ਮੁੜ ਡੇਰਨ ਨਾਲ।
ਮੁਏ ਸਿੰਘ ਜੋ ਦੇਹਿੰ ਬਹਾਇ। ਜੋ ਜ਼ਖਮੀ ਤੇ ਲਏ ਉਠਾਇ।
ਦਿਸੈ ਨ ਜਾਗਾ ਜਾਵੈਂ ਜਾਹੀਂ। ਐਸੀ ਠੌਰ ਨ ਜਹਾਂ ਬਚਾਹੀਂ।
ਕੋਈ ਕਹੈ 'ਖਿੰਡ ਇਕ ਇਕ ਹੋਵੋ'। ਕੋਊ ਕਹੈ 'ਖਿੰਡ ਮਤਿ ਪਤਿ ਖੋਵੋ।
ਲਰੋ ਮਰੋ ਇਨ ਤੁਰਕਨ ਨਾਲ। ਔਰ ਬਾਤ ਕੋਊ ਬਨੈ ਨ ਹਾਲ'।
ਇੱਕ ਕਹੈ 'ਹਮ ਜਾਵੇਂ ਤਾਹੀਂ। ਲੜਨੋਂ ਮਰਨੋਂ ਹੋਵੈ ਨਾਹੀ।
ਲਰਨ ਮਰਨ ਤੇ ਜੇ ਨਠ ਜਾਹੀਂ। ਤੌ ਹਮ ਕਿਮ ਪਾਵੈਂ ਪਤਿਸ਼ਾਹੀ'।
ਤਬ ਹੀ ਖਾਲਸੇ ਇਮ ਠਹਿਰਾਈ। 'ਹੋਹਿ ਫੌਜ ਕੋ ਗੈਲੇ ਭਾਈ।
ਲਈਏ ਘੋੜੇ ਰਾਤ ਜਹਿੰ ਸੋਵੈਂ। ਜੋਊ ਪਿਆਦੇ ਅਸਵਾਰ ਸੁ ਹੋਵੈਂ'।
ਯਹ ਸੁਨ ਸਿੰਘ ਕਈ ਭਏ ਤਿਆਰ। 'ਸੂਤੇ ਤੁਰਕਨ ਲੇਵੋ ਮਾਰ'।
ਸੂਰੇ ਸਿੰਘਨ ਯਹ ਠਹਰਾਈ। ਸਿੰਘ ਤੁਰੇ ਉਨ ਨਾਲ ਧਾਈ।
ਐਸੀ ਤੌਰ ਸਿੰਘ ਉਠ ਚੱਲੇ। ਤੁਰਕਨ ਫ਼ੌਜਨ ਕੇ ਸੰਗ ਰਲੇ।

ਦੋਹਰਾ-ਸਿੰਘ ਸੁ ਡੇਰਾ ਵੇਖ ਕੇ ਵੜੇ ਫੌਜ ਮੇਂ ਜਾਇ।
ਤੁਰਕ ਸੁ ਥੱਕੇ ਸੋਇ ਗਏ ਲਗਯੋ ਖਾਲਸੇ ਦਾਇ।

ਚੌ:—ਤਬ ਸਿੰਘਨ ਘੋੜੇ ਲਏ ਖੋਲ੍ਹ। ਊਪਰ ਚੜ੍ਹੇ ਸੁ ਸਤਿਗੁਰ ਬੋਲ।
ਦੂਜੇ ਗੈਲੇ ਲਏ ਲਗਾਇ। ਪਿੱਛੇ ਪੜੈ ਤਿਸ ਆਵੈਂ ਘਾਇ।

ਦੋਹਰਾ-ਜਿਤਨੇ ਘੋੜੇ ਥੇ ਮਰੇ ਉਤਨੇ ਸਿੰਘਨ ਲੀਨ।
ਨਿਤ ਪ੍ਰਤਿ ਐਸੀ ਬਿਧ ਕਰੈਂ ਫ਼ੌਜ ਤੁਰਕ ਭਈ ਖੀਨ।
ਦੇਖੋ ਭਾਈ ਗੁਰ ਕਲਾ ਆਏ ਮਾਰਨ ਓਇ।
ਤੇਊ ਮਾਰੇ ਖਾਲਸੇ ਤੁਰਕ ਘਨੇ ਥੇ ਸੋਇ।

ਚੌ:—ਤੁਰਕ ਫੌਜ ਫਿਰ ਬਹੁਤੀ ਆਵੈ। ਥੋੜੇ ਸਿੰਘ ਸੁ ਤਹਿੰ ਲੁਕ ਜਾਵੈਂ।
ਤਹਾਂ ਲੁਕੈਂ ਜਹਿੰ ਹੁਇ ਬਡ ਝੱਲ। ਲੇਵੈਂ ਗੜ੍ਹ ਕਾਨਨ ਕੋ ਮੱਲ।
ਰਾਤ ਸਿੰਘ ਹੁਇ ਬਹੁ ਹੁਸ਼ਿਆਰ। ਲਵੈਂ ਤੁਰਕਨ ਕੋ ਫਿਰ ਮਾਰ।
ਦਿਨਮੈਂ ਤੁਰਕ ਬਹੁਤ ਮਿਲ ਧਾਵੈਂ। ਲੁਕੇ ਸਿੰਘ ਤਿਨ ਹਾਥ ਨ ਆਵੈਂ।
ਤੁਰਕ ਸੁ ਡਰਤੇ ਬੜੈਂ ਨ ਝੱਲ। ਝੱਲ ਬੜੈਂ ਸਿੰਘ ਮਾਰਨ ਰੱਲ।
ਝੱਲੋਂ ਸਿੰਘ ਤਬ ਬਾਹਰ ਜਾਵੈਂ। ਤੁਰਕਨ ਫੌਜ ਦੂਰ ਸੁਨ ਪਾਵੈਂ।
ਮਾਰਨ ਰਸਤੇ ਦਿੱਲੀ ਲਹੌਰ। ਕੋਈ ਮਾਰੈ ਰਾਹ ਪਿਸ਼ੌਰ।
ਅਗੈ ਪਿਛੈ ਹੁਇ ਲੁਟੈਂ ਲਹੌਰ। ਇਮ ਕਰ ਸਿੰਘ ਮਚਾਵੈਂ ਰੌਰ।

ਦੋਹਰਾ-ਸਿੰਘ ਸੁ ਮਾਝਯੋਂ ਕਢ ਦਏ ਬੜੇ ਸੁ ਰਾਵੀ ਝੱਲ।
ਮਾਰ ਲੂਟ ਖਾਵਤ ਫਿਰੈਂ ਰਾਖੈਂ ਮਿਲ ਕਰ ਗੱਲ।



Digitized by Panjab Digital Library | www.panjabdigilib.org

ਚੌ: —ਇਸੀ ਭਾਂਤ ਸਿੰਘ ਗੁਜਰ ਕਰਾਹੀਂ । ਫੌਜ ਘਨੀ ਲਖ ਨਠ ਥੀ ਜਾਹੀਂ ।
ਭਾਰੀ ਫਾੜਲੇ ਲੇਵੈਂ ਮਾਰੀ । ਲਹੌਰ ਗਿਰਦ ਤਿਨ ਦਯੋ ਉਜਾਰੀ ।
ਦੇਖ ਤੁਰਕਨ ਕੌ ਲਾਗੇ ਆਗ । ਮਾਰੈਂ ਸਿੰਘਨ ਗੈਲੇ ਲਾਗ ।
ਮੁੜ ਮੁੜ ਲੁਕ ਲੁਕ ਸਿੰਘ ਭੀ ਲਰੈਂ । ਬਹੁਤਨ ਸੌਂ ਕਯਾ ਥੋੜੇ ਕਰੈਂ ।
ਨਾਂਹੀ ਜ਼ਖੀਰੋ ਸਿੰਘਨ ਪਾਸ । ਸ਼ਸਤਰ ਬਸਤਰ ਹੀਨ ਸੁ ਖਾਸ ।
ਨਾਂਗੇ ਫਿਰੇਂ ਔ ਭੂਖੇ ਪਿਯਾਸੇ । ਦਾਰੂ ਸਿੱਕਾ ਨਹਿ ਕਛੁ ਪਾਸੇ ।
ਹਾਟ ਪਟਨ ਬਾਜ਼ਾਰ ਸੁ ਨਾਹੀਂ । ਰੋਗੀ ਔਖਧ ਬਿਨ ਮਰ ਜਾਹੀਂ ।
ਗੁਰ ਬਚਨਨ ਕੀ ਉਨ ਕੋ ਆਸ । ਯਹੀ ਖਜ਼ਾਨੋ ਉਨ ਕੇ ਪਾਸ ।

ਦੋਹਰਾ-ਤੌ ਭੀ ਸਿੰਘ ਹੋਵੈਂ ਘਨੇ ਨਿਸ ਦਿਨ ਔਰ ਸੁ ਔਰ ।
ਦੁਖ ਦਰਦ ਕਛੁ ਨਾ ਗਿਨੈਂ ਮਰਨੋਂ ਲਰਨੋਂ ਤੋਰ ।

ਚੌ:—ਤਬੈ ਖਾਲਸੇ ਕੀਉ ਬਿਚਾਰ । ਮਾਰੈਂ ਤੁਰਕਨ ਕੇ ਫੁਜਦਾਰਾ ।
ਮਾਰ ਫੌਜ ਕੋ ਸੂਧੇ ਹੋਵੇਂ । ਲੂਟ ਫੌਜ ਕੋ ਦਾਰਿਦ ਖੋਵੇਂ ।
ਹਾਥੀ ਘੋੜੇ ਊਠ ਲਿਆਵੇਂ । ਰਾਜ ਸਾਜ ਬਿਨ ਰਾਜ ਨ ਪਾਵੇਂ ।
ਭੂਮ ਮਲੋ ਲਉ ਕਿਲਾ ਚਿਨਾਈ । ਬਿਨਾ ਕਿਲਨ ਨਾਂ ਪੁਜੈ ਲੜਾਈ' ।
ਐਸ ਬਿਚਾਰਤ ਆਗੇ ਗਏ । ਇਮਨਾਬਾਦ ਢਿਗ ਪਹੁੰਚਤ ਭਏ ।
ਆਵੈਂ ਮਗਰ ਤੁਰਕ ਲੈ ਖੋਜ । ਭੂਖੀ ਫਿਰੈ ਸਿੰਘਨ ਕੀ ਫੌਜ ।

ਦੋਹਰਾ-ਇਮਨਾਬਾਦ ਜਗੀਰ ਥੀ ਖੁਦ ਜਸਪਤਹਿ ਦਿਵਾਨ ।
ਉਹਾਂ ਉਗ੍ਰਾਹੀ ਕਰਤ ਥੇ ਬਹੁਤ ਫੌਜ ਕੋ ਤਾਨ ।

ਚੌ:— ਲੇਵੈ ਪੈਸੇ ਦੇਕੇ ਦੁੱਖ । ਬੰਧੈ ਪੈਂਚ ਸੁ ਹੋਕੈ ਸੁਰਖ ।
ਕਿਸੈ ਟੰਗੈ ਕਿਸੈ ਕਮਚਨ ਮਾਰੈ । ਐਸ ਭਾਂਤ ਸਿਉਂ ਰਈਅਤ ਉਗਰਾਹੇ ।
ਭੂਖੇ ਜਟ ਨਠ ਸਿੰਘੀਂ ਰਲੈਂ । ਘਰ ਦਰ ਛਡਕੇ ਰਲੈਂ ਸੁ ਦਲੈਂ ।
ਜਿਨ ਘਰ ਦੇਣੇ ਜੋਗੋ ਨਾਂਹੀ । ਫਿਰੈਂ ਫਰਯਾਦੀ ਖਾਲਸੇ ਪਾਹੀ ।
ਫਿਰਤ ਨਠਤ ਗਏ ਰੋੜੀ ਤੀਰ । ਨ੍ਹਾਵਨ ਚਾਹੈਂ ਸੁਫਲ ਸਰੀਰ ।
ਤਿਹ ਸਿੰਘਨ ਆ ਮੇਲਾ ਲਾਯਾ । ਜਸਪਤ ਕੋ ਯੌ ਲਿਖ ਪਠਵਾਯਾ ।

ਦੋਹਰਾ-'ਸਿੰਘ ਸੁ ਬਹੁਤੇ ਦਿਨਨ ਕੇ ਭੂਖੇ ਅੰਨ ਕੇ ਤ੍ਰਾਸ' ।
ਲਿਖ ਭੇਜੀ ਇਮ ਖਾਲਸੇ ਜਸਪਤਿ ਕੋ ਅਰਦਾਸ ।

ਚੌ:—'ਦਿਵਾਨ ਹਿੰਦੂ ਤੂੰ ਗੁਰੂ ਬਨਾਯਾ' । ਜਸਪਤ ਕੋ ਇਮ ਲਿੱਖ ਪਠਾਯਾ ।
'ਹਮਰਾ ਤੁਮਰਾ ਬੈਰ ਸੁ ਨਾਂਹੀਂ । ਬੈਰ ਹਮਾਰਾ ਤੁਰਕਨ ਤਾਈਂ ।
ਰਸਦ ਮੋਲ ਹਮ ਲੈਣੀ ਚਾਹੈਂ । ਸ਼ਹਿਰ ਤੁਮਾਰੋ ਖਰੀਦ ਕਰਾਹੈਂ ।
ਸਿੰਘ ਭੂਖੇ ਬਹੁ ਦਿਨ ਕੇ ਆਂਹੀ । ਤੁਮਰੋ ਕਛੂ ਬਿਗਾਰੈਂ ਨਾਹੀਂ ।



Digitized by Panjab Digital Library | www.panjabdigilib.org

ਮੁਲਖ ਆਪਨਾ ਲੇਹੁ ਬਚਾਇ। ਔਰ ਮੁਲਕ ਹਮ ਬੜ ਹੈਂ ਜਾਇ।
ਯਹ ਮੁਨ ਜਸਪਤਿ ਕੀਨੋ ਬੋਲ । 'ਮੈਂ ਮਾਰੋਂ ਕਢ ਤੁਮਰੋ ਖੋਜ।
ਨਿਕਸ ਝਲੋਂ ਤੁਮ ਬਾਹਰ ਧਾਏ। ਤੁਮ ਕੋ ਪਕੜ ਸੁ ਜਮ ਲੈ ਆਏ।
ਸੀਸ ਮੁੰਨ੍ਹੂੰ ਤੁਮ ਜਾਟ ਬਨਾਵੋਂ । ਤੁਮਰੇ ਬਾਲਨ ਮਾਲੂ ਬਣਾਵੋਂ।

ਦੋਹਰਾ-ਜੈਸੇ ਗੋਲੀ ਨਥ ਮੰਗੈ ਖਸਮ ਚਾਹੇ ਕਟ ਨੱਕ।
ਹਮ ਤੁਮ ਚਾਹੈਂ ਮਾਰਨੋ ਤੁਮ ਮਾਂਗੋ ਰਸਦ ਅਙੱਕ।

ਚੌ:— ਹਮ ਸੋਂ ਅਬ ਤੁਮ ਚਾਹੋ ਰਸਤ। ਤੁਮ ਕੋ ਮਾਰੋਂ ਕਰ ਬੰਦੁਬਸਤ।
ਭਾਈ ਲਖਪਤਿ ਸੁਨ ਅਬ ਪਾਵੈ। ਮਨੀ ਸਿੰਘ ਜਿਮ ਫੜ ਲੈ ਜਾਵੈ।
ਜਾਇ ਨ੍ਵਾਬ ਕੇ ਅਗੈ ਸਿਟਾਵੈ। ਬੰਦ ਬੰਦ ਤੁਮ ਉਮੈਂ ਕਟਾਵੈਂ।
ਸੁਨਤ ਸਿੰਘਨ ਕੋ ਆਯੋ ਯਾਦ। ਕਹਜੋ ਸਿੰਘਨ 'ਲਿਹੁ ਬਦਲੋ ਤਾਦ।
ਯਾਦ ਕਰਾਈ ਇਸ ਨਿਜ ਮੌਤੋ। ਸ਼ੇਰ ਜਗਾਯੋ ਫੜ ਮੁੱਛਲ ਸੋਤੋ।
ਮਨੀ ਸਿੰਘ ਇਸ ਭ੍ਰਾਇ ਫੜਾਯਾ। ਬਦਲੇ ਲਹੌ ਅਬ ਯਹ ਦਾਇ ਆਯਾ'।
ਜਬ ਸਿੰਘਨ ਐਸ ਸੁਨ ਪਾਯੋ । ਜਨ ਬਿੱਛੂ ਤਨ ਡੰਕ ਲਗਾਯੋ।
ਤਬੀ ਖਾਲਸੇ ਕਰੀ ਅਰਦਾਸ । 'ਖੱਤ੍ਰੀ ਮਾਰੈਂ ਹੁਇ ਕੰਮ ਰਾਸ'।

ਦੋਹਰਾ-ਵਹਿ ਲੂਟਨ ਚੜਿਓ ਖਾਲਸੇ ਸੋ ਲੀਓ ਖਾਲਸੇ ਲੂਟ।
ਨਿਬਾਹੂ ਸਿੰਘ ਗਜ ਪੈ ਚੜ੍ਹਜੋ ਮਾਰ ਤੇਗ ਦਿਓ ਸੂਟ।

ਚੌ:— ਨਿਬਾਹੂ ਸਿੰਘ ਚੜ੍ਹ ਗਜ ਪੈ ਗਜੋ। ਸੀਸ ਕਾਟ ਸਭ ਜੇਵਰ ਲਯੋ।
ਔਰ ਦਰਬ ਦਈ ਊਪਰੋਂ ਗੇਰ। ਔਰ ਸਿੰਘਨ ਦਕ ਲੀਨੀ ਢੇਰ।

ਦੋਹਰਾ-ਠਾਰਾਂ ਸੈ ਚਾਰ ਊਪਰੇ ਹੁਤੇ ਬਿਕ੍ਰਮ ਨ੍ਰਿਪ ਸਾਲ।
ਜਸਪਤ ਖਤ੍ਰੀ ਮਾਰਕੇ ਲੀਯੋ ਸਿੰਘਨ ਬਹੁ ਮਾਲ।



Digitized by Panjab Digital Library | www.panjabdigilib.org

# ੬

# ਸਾਖੀ ਘੱਲੂਘਾਰੇ ਪੜੋਲ ਕਠੂਏ ਕੀ

ਦੋਹਰਾ-ਪੜੋਲ ਕਠੂਹੋਂ ਬਸੋਹਲੀ ਜੰਮੂ ਜ਼ਿਲੇ ਸੁ ਆਹਿ।
ਘਲੂਘਾਰੋ ਅਤਿ ਬਡੋ ਭਯੋ ਆਦਿ ਥੋ ਵਾਹਿ ।

ਚੌ:—ਜਿਸ ਦਿਨ ਜਸਪਤਿ ਮਾਰ ਸੁਟਯੋ । ਸਿੰਘਨ ਟੂਟ ਦਰਿੱਦਰ ਗਯੋ ।
ਇਮਨਾਬਾਦ ਭੀ ਸ਼ਹਰ ਸੁ ਟੂਟਾ । ਉਹ ਭੀ ਖਾਲਸੇ ਅੱਛੋ ਲੂਟਾ ।
ਬਹੁਤ ਖਜ਼ਾਨਾ ਥਾ ਤਿਸ ਸਾਥ। ਲਾਗਜੋ ਭੂਖੇ ਸਿੰਘਨ ਹਾਥ ।
ਤੌ ਫਿਰ ਰਾਜਨ ਰਾਜਾ ਜਾਪੈਂ । ਦੀਸੈਂ ਭੂਪਤਿ ਨਾਂਹਿ ਸਿਵਾਪੈਂ ।

ਦੋਹਰਾ-ਯਹੀ ਬਾਤ ਲਖਪਤਿ ਸੁਨੀ ਢਿਗ ਨਵਾਬ ਦਈ ਪਗ ਡਾਰ ।
'ਫੇਰ ਆਨ ਮੈਂ ਬੰਧੋਂਗੋ ਸਿੰਘਨ ਕੋ ਪੰਥ ਗਾਰ' ।

ਚੌ:—'ਯਹ ਪਰਤੱਗਜਾ ਖੱਤ੍ਰੀ ਕਰੀ । ਮਾਰੋਂ ਸਿੰਘ ਚੜ੍ਹ ਇਤਹੀ ਘਰੀਂ' ।
ਐਸ ਬਚਨ ਸੁਨ ਨਵਾਬ ਉਚਾਰਾ। 'ਖਰਚੋ ਦਰਬ ਲੈ ਮੇਰਾ ਸਾਰਾ' ।

ਦੋਹਰਾ-'ਯਹ ਪੰਥ ਫਦੂਲ ਫਦੂਲੀਏ ਖੱਤ੍ਰੀ ਜਾਤ ਸੁ ਕੀਨ।
ਮੈਂ ਅਬ ਖੱਤ੍ਰੀ ਤੌ ਰਹਾਂ ਪੰਥ ਰਲਾਵੋਂ ਦੀਨ' ।

ਚੌ:—ਯਹ ਉਸ਼ਟੰਡ ਇਕ ਖੱਤ੍ਰੀ ਕਹਯੋ। ਨਾਮ ਖਾਲਸੋ ਜਗਤ ਸੁਨਯੋ ।
'ਮੈਂ ਭੀ ਖੱਤ੍ਰੀ ਤਉ ਕਹਾਵੌਂ । ਪੰਥ ਖਾਲਸੋ ਨਾਮ ਮਿਟਾਵਓਂ' ।
ਨਵਾਬ ਪਾਸ ਯੌ ਕੀਯੋ ਹੰਕਾਰ । ਨਵਾਬ ਕਹਜੋ 'ਯਹ ਅੱਛੀ ਕਾਰ' ।
ਮੁਖਤਜਾਰ ਫੌਜਨ ਕੋ ਲਖੂ ਕੀਓ । ਲਸ਼ਕਰ ਸਭ ਤਾਂਕੇ ਸੰਗ ਦੀਓ।
ਨ੍ਵਾਬ ਸੰਗ ਤਿਨ ਯੌ ਗਿਨ ਲਈ । 'ਮਾਰੂੰ ਸਿੰਘ ਜਹਾਂ ਲੌ ਹਈ।
ਜੋ ਕੋ ਸਿੰਘ ਕਹਾਵੈ ਨਾਮ । ਮਾਰੋਂ ਤਿਨਕੇ ਸਭੀ ਗਰਾਮ' ।

ਦੋਹਰਾ-ਪਹਿਲੇ ਪਕੜੇ ਸਿੰਘ ਸੋ ਜੋ ਹੋਤੇ ਲਾਹੌਰ ਸਾਥ ।
ਕੀਨੇ ਚੂਹੜਨ ਕੇ ਅਗੇ ਕਹਜੋ 'ਕਟੋ ਇਨ ਸਾਥ' ।



Digitized by Panjab Digital Library | www.panjabdigilib.org

ਚੌ:—ਜਬ ਲੋਕਨ ਐਸੇ ਸੁਨ ਪਾਈ । ਹੈ ਹੈ ਕਾਰ ਸਭ ਜਗਤ ਕਰਾਈ ।
ਹਿੰਦੂ ਲੋਕ ਇਕੱਤਰ ਭਏ । ਤੇ ਚਲ ਲਖਪਤਿ ਪਾਸ ਗਏ ।
'ਪਕੜ ਚਾਕਰ ਸਿੰਘ ਮਾਰੋ ਕਾਹੀ । ਇਨ ਕੋ ਦੋਸ਼ ਕਛੂ ਭੀ ਨਾਹੀਂ ।
ਹਮ ਆਏ ਹੈਂ ਤੁਮਰੇ ਪਾਹੀ । ਹਮ ਖਾਤਰ ਇਨ ਸਭਨ ਬਖਸਾਈ ।
ਤੁਮ ਘਰ ਆਏ ਸਭ ਹਾ ਭਾਇਾ । ਹਮਰੀ ਕਹੀ ਚਹੀਏ ਮਨੋ ਲਾਈ ।
ਕੌੜਾ ਮੱਲ ਔ ਮੱਲ ਕੁੰਜਾਹੀ । ਕਸ਼ਮੀਰੀ ਮਲ ਬੀ ਆਯੋ ਬਾਈ ।
ਲੱਛੀ ਰਾਮ ਥੇ ਪ੍ਰਿਥਮ ਦਿਵਾਨ । ਤਿਸਕੀ ਥੇ ਸਭ ਮਨਤੇ ਆਨ ।
ਕੀਨੀ ਮਿੰਨਤ ਆਨ ਤਿਨ ਤਾਂਹੀ । ਸੂਰਤ ਸਿੰਘ ਦੀਵਾਨ ਪਤਿਸ਼ਾਹੀ ।

ਦੋਹਰਾ-ਦਿਲਾ ਰਾਮ ਔ ਹਰੀ ਮੱਲ ਔ ਆਯੋ ਬਹਿਲੂ ਮੱਲ ।
ਹਰੀ ਸਿੰਘ ਗੁਲਜ਼ਾਰ ਸਿੰਘ ਭਾਈ ਦੇਸ ਰਾਜ ਯੌਂ ਚੱਲ ।

ਚੌ:—ਔਰ ਹਿੰਦੂ ਜੁੜ ਆਏ ਸਾਰੇ । ਸਿੱਖ ਸੰਤ ਔਰ ਧਰਮ ਪਿਆਰੇ ।
ਸਭ ਮਿਲ ਆਏ ਕਹਿ ਗਏ ਏਹੁ । 'ਹਮ ਖਾਤਰ ਛਡ ਸਿੰਘਨ ਦੇਹੁ' ।
ਔਰ ਲੋਕ ਰਬ ਵਾਸ਼ਤੇ ਆਏ । ਫਕੀਰ ਅਤੀਤ ਸਭੀ ਰਲ ਧਾਏ ।
ਸਬਹਨ ਕੋ ਉਨ ਦੀਯੋ ਜਬਾਬ । ਐਸੋ ਪਾਪੀ ਮੂੜ੍ਹ ਖਰਾਬ ।
ਕਹਜੋ ਲੱਖੂ 'ਮੈਂ ਮਾਨਤ ਨਾਂਹੀ । ਆਵੈ ਆਪ ਰਬ ਮੁਝ ਪਾਹੀ' ।
ਤਿੰਨ ਮਿਲ ਕਹੀ ਫਿਰ ਸਾਚੀ ਬਾਤ । 'ਸਿੰਘਨ ਦੋਸ਼ ਦੇਤ ਹੁੰ ਕਾਤ.
ਮਨੀ ਸਿੰਘ ਤੈਂ ਪਕੜ ਕੁਹਾਯੋ । ਤੇਰਾ ਕੀਤਾ ਤੈਂ ਭਾਈ ਪਾਯੋ' ।
ਲਾਨਤ ਲਾਨਤ ਕਹਿਤੇ ਗਏ । ਕਛੂ ਸਿਆਣੇ ਠਾਂਢੇ ਰਹੇ ।

ਦੋਹਰਾ-ਹਾਥ ਜੜ ਠਾਂਢੇ ਭਏ 'ਇਤੀ ਬਾਤ ਤੌ ਮਾਨ ।
ਮਾਵਸ ਹੈ ਅਜ ਸੋਮਵਤਿ ਕਲ੍ਹ ਕਰੀਂ ਮਨ ਮਾਨ' ।

ਚੌ;—ਤਬ ਤਿਨਕੀ ਤਿਨ ਇਤਿ ਨ ਮਾਨੀ । ਦਏ ਮਰਵਾਏ ਸਿਖ ਮੂੜ੍ਹ ਅਗਜਾਨੀ ।
ਹੋਕਾ ਦੀਨਾ ਸ਼ਹਿਰ ਬੁਲਾਇ । 'ਲੇਵੈ ਨ ਕੋਈ ਗੁਰ ਕੋ ਨਾਇ ।
ਜੌ ਗੁਰ ਨਾਮ ਸੁਨਜੋ ਹਮ ਕਾਨ । ਛਾਡੋਂ ਨਾਹੀਂ ਕਢੋਂ ਪਰਾਨ ।
ਨਾਨਕ ਕੀ ਕੋਊ ਪੜੈ ਨਾ ਬਾਨੀ । ਗ੍ਰੰਥ ਲੁਕੋਇ ਪੋਥੀਆਂ ਛਿਪਾਨੀ ।
ਜੋ ਗੁਰ ਕੋ ਕੋਊ ਲੇਵੇ ਨਾਮ । ਮੁਸਲਮਾਨ ਉਸ ਕਰੋਂ ਪਛਾਨ ।
ਵਾਹਿਗੁਰੂ ਕੋ ਨਾਮ ਹਟਾਵੋ । ਔਰ ਸਭ ਕੋ ਨਾਮ ਜਪਾਵੋ ।

ਦੋਹਰਾ-ਗੁੜ ਕੇ ਕਹਨੇ ਗੁਰ ਕਹੈਂ ਰੋੜੀ ਧ੍ਰਾਯੋ ਨਾਮ ।
ਜੋ ਕੋ ਗੁਰ ਕਹਿ ਕਿਸ ਸਦੇ ਮਾਰੋ ਚੜ੍ਹ ਤਿਸ ਗਾਮ ।

ਚੌ:—ਐਸ ਉਪਦ੍ਰਵ ਲੱਖੂ ਚਾਯਾ । ਚੜ੍ਹ ਸੋ ਖਾਲਸੇ ਊਪਰ ਧਾਯਾ ।
ਤੋਪ ਜੰਬੂਰੇ ਕਸੇ ਬਨਾਇ । ਦਏ ਖਾਲਸੇ ਵੱਲ ਚਲਾਇ ।



Digitized by Panjab Digital Library | www.panjabdigilib.org

ਹਾਥੀ ਘੋੜੇ ਰਥ ਪੈਦਲ ਲੈ ਧਾਯੋ । ਹੋਰ ਸੁ ਰੱਯਤ ਸਾਥ ਚਲਾਯੋ ।
ਲਿਖ ਨਬਾਬ ਤਬ ਐਸ ਪਠਾਵੈ । 'ਹਮਰਾ ਸੋ ਜੁ ਦਿਵਾਨ ਸੰਗ ਜਾਵੈ' ।
ਮੁਲਤਾਨ ਬਹਾਵਲ ਮਲਕੈ ਤਾਈ । ਦੀਨੀ ਫੌਜ ਨਵਾਬ ਚੜ੍ਹਾਈ ।
ਕਸੂਰ ਆਦ ਲੈ ਅਟਕ ਸੁ ਤਾਕਰ । ਔਰ ਦੁਵਾਬੇ ਤਿਹਾੜੇ ਲਾਕਰ ।
ਲਿਖ ਭੇਜ ਤਿਨ ਸਕਲ ਪਹਾੜ । ਨਵਾਬ ਬੁਲਾਏ ਕਰ ਬਹੁ ਤਾੜ ।
'ਜੋ ਇਨਮੈਂ ਕੋ ਰਹੈ ਸਿਪਾਹੀ । ਤਿਸਕੀ ਜਾਨ ਬਚੇਗੀ ਨਾਹੀਂ' ।
ਐਸ ਦਬਾਵ ਨਬਾਬ ਥੋ ਦੇਇ । ਤਿਸਤੇ ਆਕੀ ਰਹੈ ਨ ਕੋਇ ।
ਐਸੇ ਕੋ ਜੋ ਚਲੈ ਨ ਕਹੇ । ਮਾਰਨ ਸਿੰਘਨ ਸਭ ਜਗ ਚਹੇ ।

ਦੋਹਰਾ-ਆਯੋ ਜੋ ਦੀਵਾਨ ਪੈ ਦੇਵਣ ਜੱਸੂ ਕਾਣ ।
ਲੇਵੈ ਲੱਖੂ ਤਿਸ ਸੰਗੈ ਪਾਵੈ ਨਹਿ ਘਰ ਜਾਣ ।

ਚੌ:– ਔਰ ਨਵੀਂ ਰੱਖ ਲਈ ਸਿਪਾਹਿ । ਆਯੋ ਰਹਣ ਜੁ ਮੋੜਯੋ ਨਾਹਿ ।
ਕਹੇ 'ਦਿਵਸ ਦੋ ਮੈਂ ਲਊਂ ਫੜਹੀ । ਵੈਰ ਉਤਾਰੂੰ ਕਰੂੰ ਤੁਰਤ ਹੀ' ।
ਚੜ੍ਹਿਓ ਹਾਥੀ ਉਤੇ ਦਿਵਾਨ । ਉਠੀ ਧੂੜ ਸੂਰਜ ਰੁਕਯੋ ਅਸਮਾਨ ।
ਐਸੋ ਸ਼ੋਰ ਜਗਤ ਮੈਂ ਭਯੋ । 'ਅਬੈ ਖਾਲਸੋ ਲੁਕਨ ਨ ਦਯੋ ।
ਇਹ ਤੋ ਖਾਲਸੇ ਛੱਡੇ ਨ ਬੀਜ । ਭਾਈ ਬੈਰ ਲੈਨ ਚੜ੍ਹਿਓ ਖੀਝ' ।
ਜੈਸੇ ਆਂਧੀ ਪਾਤ ਉਡਾਵੈ । ਤੈਸੋ ਖਾਲਸਾ ਆਗੇ ਧਾਵੈ ।

ਦੋਹਰਾ-ਜੋ ਆਏ ਥੇ ਤੁਰਤ ਕੇ ਤੇ ਤੁਰਤ ਤੁਰੇ ਘਰ ਓਰ ।
ਰਹੇ ਸਿੱਖ ਜੋ ਥੇ ਪਕੇ ਸਤਿਗੁਰ ਊਪਰ ਜੋਰ ।

ਚੌ:—ਜਿਮ ਜਿਮ ਲੋਕਨ ਸ਼ੁਹਰਤ ਭਈ । ਤਿਮ ਤਿਮ ਫੌਜ ਸਿੰਘਨ ਪਰ ਗਈ ।
ਮਾਤ ਪਿਤਨ ਸਿੰਘ ਚਿੰਤਾ ਪਈ । ਮੋੜ ਲਿਆਏ ਪੁੱਤਨ ਕਈ ।
ਕੋਈ ਦੌੜੇ ਮੋੜਨ ਤਾਈਂ । ਪੁਤ੍ਰ ਰਲੇ ਥੇ ਲੁੱਟਣ ਤਾਈਂ ।
ਕਹੈ ਮਾਤ 'ਤੁਮ ਘਰ ਸੁਤ ਚੱਲੋ । ਸੀਸ ਮੁਨਾਹਿ ਜਟਨ ਵਿਚ ਰੱਲੋ' ।

ਦੋਹਰਾ-ਜੋ ਪੱਕੇ ਥੇ ਸੋ ਰਹੇ ਕੱਚੇ ਗਏ ਸੁ ਭਾਜ ।
ਮਰੇ ਗਏ ਤਬ ਸੁਰਗ ਨੋ ਜੀਏ ਕਰਤੋ ਰਾਜ ।

ਚੌ:—ਅਸਲ ਖਾਲਸਾ ਸੋਊ ਰਹਯੋ । ਪਰਯੋ ਮੁਕਾਬਲਾ ਦੁਹੂ ਦਲ ਤਾਹਿਓ ।
ਤੁਰਕ ਸੁ ਆਟਾ ਸਿੰਘ ਸੁ ਲੂਣ । ਤੁਰਕ ਘਟਾ ਸਿੰਘ ਬਿਜਲ ਊਨ ।

ਦੋਹਰਾ-ਦੇਖ ਸੁ ਲਸ਼ਕਰ ਅਤਿ ਘਣਾ ਸਭ ਖਾਲਸੇ ਲਾਯੋ ਦਿਵਾਨ ।
'ਇਨ ਸੋਂ ਸਨਮੁਖ ਕਿਮ ਲਰੈਂ ਇਹ ਚਲ ਅਯੋ ਜਹਾਨ' ।
ਜੋਊ ਸੂਰ ਸਿਰ ਬਾਹਰੇ ਤੇਊ ਕਹੈਂ 'ਲੜੋ ਆਜ' ।
ਜੋਊ ਸਿਆਨੇ ਸੋ ਕਹੈਂ 'ਲੜੋ ਸੁ ਮੁੜ ਮੁੜ ਭਾਜ' ।



Digitized by Panjab Digital Library | www.panjabdigilib.org

ਚੌ:—ਸਜਾਨਨ ਨੇ ਯੌ ਬਾਤ ਸੁਨਾਈ। 'ਲੜਾਈ ਕੇ ਫੱਟ ਕਹੈਂ ਸੁ ਢਾਈ।
ਲੜਨ ਭੱਜਨ ਇਹ ਸਾਰੇ ਦੋਇ। ਲੜ ਮਰ ਮੁੱਕਣ ਆਧਾ ਸੋਇ।
ਹਮੇਂ ਗੁਰੂ ਨੇ ਲੜਨ ਭੱਜਨ ਬਤਾਯਾ। ਭਜ ਭਜ ਲੜਨ ਬਡੋ ਯਹ ਦਾਯਾ।
ਭਜ ਭਜ ਲੜਿਓ ਸਤਿਗੁਰ ਆਪ। ਭਜ ਭਜ ਲੜਨੇਂ ਨਹਿੰ ਕਛੁ ਪਾਪ।

ਦੋਹਰਾ-ਜੋਊ ਸਜਾਨਨ ਨੇ ਕਹੀ ਮੰਨੀ ਸੂਰਨ ਸੋ ਗੱਲ।
ਲੜਤ ਭਜਤ ਆਗੇ ਤੁਰੇ ਲਯੋ ਆਸਰੋ ਝੱਲ।

ਚੌ:—ਤਬਹਿ ਸਿੰਘਨ ਕੋ ਲਗ ਗਜੋ ਦਾਇ। ਪ੍ਰਿਥਮ ਹਰੋਲ ਤੁਰਕ ਕੀਓ ਘਾਇ।
ਤਬ ਦਿਵਾਨ ਯੌ ਚਿੰਤਾ ਪਰੀ। 'ਬਿਨ ਤਦਬੀਰ ਫੌਜ ਸੋ ਮਰੀ।
ਔਰ ਤਦਬੀਰ ਫੌਜ ਕੀ ਕਰੀਐ। ਤੋਪ ਘੋੜਨ ਕੀ ਆਗੈ ਧਰੀਐ'।
ਤਿਹਿ ਪਾਛੇ ਕੀਨੀ ਹੱਥਨਾਲ। ਤਿਸੈ ਜੰਬੂਰਨ ਲਾਈ ਪਾਲ।
ਤਿਸਕੇ ਪਾਗੈ ਕਰੀ ਸਿਪਾਹਿ। ਫੌਜ ਅਸਲ ਨਿਜ ਰਾਖੀ ਪਾਹਿ।
ਰਚੀ ਚੰਮੂ ਦਿਵਾਨ ਉਲਟੇ ਰਾਹਿ। ਸਭ ਤੇ ਪਾਛੇ ਡਰਤ ਸੁ ਜਾਇ।
ਜੋ ਸਿੰਘ ਮੁੜ ਕਰ ਕਰੈਂ ਲੜਾਈ। ਨਹਿ ਤੋਪਨ ਸੋਂ ਕਛੂ ਬਸਾਈ।
ਤੌ ਸਿੰਘ ਫੇਰ ਵੜੈਂ ਮੁੜ ਝੱਲ। ਐਸੀ ਭਈ ਖਾਲਸੇ ਗੱਲ।
ਵੜੈਂ ਤਾਂਹਿ ਜਹਿੰ ਤੋਪ ਨ ਜਾਵੈ। ਘਘਿਆਲਨ ਨਹਿੰ ਕਛੂ ਬਸਾਵੈ।
ਛੜੀ ਫੌਜ ਲੇਹਿੰ ਸਿੰਘ ਉਸ ਮਾਰ। ਇਸ ਬਿਧ ਸਿੰਘ ਬਚੇ ਕਈ ਬਾਰ।
ਤਬਹਿ ਦਿਵਾਨ ਬੇਲਦਾਰ ਬੁਲਾਏ। ਬਿਕਟ ਠੌਰ ਤਹਿੰ ਰਾਹ ਬਨਵਾਏ।
ਝੱਲ ਗਾੜ੍ਹੇ ਤਹਿੰ ਫੂਕ ਜਲਾਵੈਂ। ਸੇਧ ਧਰੇ ਤੁਰ ਤੋਪ ਚਲਾਵੈਂ।
ਤਬ ਸਿੰਘਨ ਕੋ ਬਹੁਤ ਸਤਾਯਾ। ਖਾਣੇ ਨੂੰ ਕੁਛ ਹੱਥ ਨ ਆਯਾ।
ਭੁੱਖੇ ਹੂਇ ਸਿੰਘ ਆਗੈ ਤੁਰੇ। ਝੱਲੋਂ ਬਾਹਰ ਸਿੰਘ ਨਹਿੰ ਨਿਕਰੇ।

ਦੋਹਰਾ-ਕਿਤੇ ਉਰਾਰ ਸੁ ਝਲ ਵੜੇ ਕਿਤੇ ਪਾਰ ਝੱਲ ਮਾਂਹਿ।
ਐਸੇ ਐਸੇ ਜਤਨ ਸੋਂ ਸਿੰਘ ਸੁ ਆਗੇ ਜਾਹਿੰ।

ਚੌ:—ਤਬ ਦਰਿਆਇ ਭਯੋ ਅਤਿ ਤਾਰੂ। ਸਿੰਘ ਹੁਇ ਗਏ ਰਾਵੀ ਪਾਰੂ।
ਪਾਰ ਪਾਰ ਸਿੰਘ ਮੁਹਰੇ ਜਾਵੈਂ। ਪਾਛੈ ਫੌਜ ਤੁਰਕ ਕੀ ਆਵੈ।
ਨਹਿੰ ਡੇਰੋ ਸਿੰਘ ਕਰਨਾ ਮਿਲੈ। ਕਹੂੰ ਰਾਤ ਕਹੂੰ ਦਿਨ ਹੂੰ ਚਲੈਂ।
ਨਹਿ ਸਿੰਘਨ ਕਛੂ ਰਹਿਓ ਪੱਲੇ। ਭਾਰ ਬ੍ਰਦਾਰੀ ਬਿਨ ਕਜਾ ਚੱਲੈਂ।
ਗੋਲੀ ਦਾਰੂ ਕਹੂੰ ਪਹੁੰਚੈ ਨਾਹੀਂ। ਕਾ ਸੋਂ ਸਿੰਘ ਸੁ ਕਰੈਂ ਲਰਾਈ।
ਸ਼ਸਤਰ ਕਾਂਟਤ ਖੁੰਢੇ ਹੋਏ। ਰਾਤ ਦਿਵਸ ਸਿੰਘ ਨਾਂਹੀ ਸੋਏ।
ਗਈ ਕਮਾਨ ਟੂਟ ਸੋ ਚਲਤੀ। ਤੀਰ ਮੁਕੇ ਫਿਰ ਮਿਲੈ ਨ ਭਰਤੀ।
ਨੇਜ਼ੇ ਫਲ ਰਹੇ ਦੁਸ਼ਮਨ ਤਨ ਮੇਂ। ਘਾੜੂ ਲਭੈ ਸੁ ਨਾਂਹੀ ਬਨ ਮੇਂ।



Digitized by Panjab Digital Library | www.panjabdigilib.org

ਬਿਨ ਦਾਨੇ ਭਏ ਘੋੜੇ ਮਾੜੇ । ਬਿਨ ਬਸਤਰ ਤਨ ਧੂਪ ਸੁ ਸ਼ਾੜੇ ।
ਆਟਾ ਦਾਣਾ ਨਹੀਂ ਕਿਛ ਪਾਵੈਂ । ਪਾਣੀ ਭੀ ਤਹਿੰ ਹੱਥ ਨ ਆਵੈ ।

ਦੋਹਰਾ-ਅੱਧੀ ਮੌਤ ਮੁਸਾਫ਼ਰੀ ਸਾਰੀ ਮੌਤ ਸੁ ਭੁੱਖ ।
ਊਹਾਂ ਆਇ ਦੋਊ ਮਿਲੀ ਯਹ ਭਯੋ ਖਾਲਸੇ ਦੁੱਖ ।

ਚੌ:—ਤਬ ਸਿੰਘਨ ਨੇ ਬਹੁ ਦੁਖ ਪਾਯਾ । ਹਿੰਦਵਾਇਣ ਕੋ ਕੋਨਾ ਤਕਾਯਾ ।
ਵੜੇ ਸੁ ਜਾਇ ਪੜੋਹਲ ਝੱਲ । 'ਕਹਿ ਹਿੰਦੂ ਕਛੁ ਹਮਾਰੀ ਵੱਲ ।
ਹਿੰਦੂ ਕੋ ਉਸਾਰਨ ਤੁਰਕਨ ਗਾਰਨ । ਭਯੋ ਖਾਲਸਾ ਇਸ ਹੀ ਕਾਰਨ' ।
ਨਹਿੰ ਜਾਨਯੋ ਯਹ ਤੁਰਕਨ ਭਾਈ । ਹਮਰੇ ਸੰਗ ਬਹੁ ਕਰੈਂ ਬੁਰਾਈ ।
ਜਿਨ ਬੰਦੇ ਸੋ ਦਗਾ ਕਮਾਈ । ਸੱਦਯੋ ਬੰਦਾ ਕੁਮਕੋ ਤਾਂਈ ।
ਜਬ ਬੰਦੇ ਨੇ ਤੁਰਕ ਸੁ ਮਾਰੇ । ਕਰਾਈ ਬੰਦੇ ਕੀ ਇਨ ਫਿਰ ਹਾਰੇ ।

ਦੋਹਰਾ-ਸਿੰਘਨ ਸਮਝਯੋ ਨਾਂਹਿ ਯੋ ਦਗੇ ਬਾਜ਼ ਇਹ ਆਦਿ ।
ਬੰਦਈ ਸਿੰਘ ਇਨ ਫੜ ਦਏ ਰਖੀ ਨ ਸਿੰਘਨ ਯਾਦ ।

ਚੌ.—ਵੱਲ ਬਸੋਹਲੀ ਸਿੰਘ ਸੁ ਤੁਰੇ । ਅਗੈ ਬਸੋਲ੍ਹੀ ਬਹੁ ਪ੍ਰਬਤੀ ਜੁੜੇ ।
ਸਿੰਘ ਸਮਝੀ ਉਨ ਪੈ ਜਾਇ । ਕਹੇਂ ਸਿੰਘ ਹਮਾਰੀ ਮਦਦ ਕੋ ਆਏ ।
ਪ੍ਰਬਤੀਅਨ ਤੁਰਤ ਦੀਨੇ ਮਾਰ । ਕਈ ਪਕਰਾਏ ਤੁਰਕਨ ਪਾਸ ।
ਤੁਰਤ ਤੁਰਕਨ ਸੋ ਦੀਨੇ ਮਾਰੀ । ਸਿੰਘਨ ਰਾਤ ਬੀਤਣ ਭਈ ਭਾਰੀ ।

ਦੋਹਰਾ-ਪੜੋਲ ਕਠੂਹੇ ਧੋਖਾ ਖਾਇ ਸਿੰਘ ਫਸੇ ਜੋ ਜਾਇ ।
ਲੂਟੇ ਕੂਟੇ ਪਹਾੜੀਅਨ ਕਰ ਨੱਠੇ ਫਿਰ ਪਛੁਤਾਇ ।

ਚੌ:—ਸਿੰਘਨ ਤਬੈ ਪਹਾੜ ਤਕਾਯਾ । ਡੇਰਾ ਤਿਸ ਸੋ ਵੱਲ ਚਲਾਇਆ ।
ਆਗੈ ਪਹੁੰਚੇ ਲਖਯੋ ਪਹਾੜ । ਪਰਬਤੀਏ ਖੜੇ ਥੇ ਸ਼ਸਤਰਨ ਨਾਲ ।

ਦੋਹਰਾ-ਸਾਥ ਪਹਾੜ ਪਹਾੜੀਏ ਲਏ ਨਿਬਾਬ ਮਲਾਇ ।
ਉਪਰ ਪਹਾੜ ਸੁ ਆ ਖੜੇ ਦਿਖ ਸਿੰਘ ਸੰਸਾ ਆਇ ।

ਚੌ:—ਫੇਰ ਖਾਲਸੇ ਪਿਛਾ ਤਕਾਯਾ । ਤੁਰਕ ਫੌਜ ਸੋਂ ਜੰਗ ਮਚਾਯਾ ।
ਪੁਠੀ ਸਿਧੀ ਖੁੰਢੀ ਤਲਵਾਰ । ਮਾਰਹ ਬਲ ਸੋਂ ਹੋ ਜਾਇ ਪਾਰ ।
ਇਕ ਫਲ ਨੇਜੇ ਰਹੈ ਜੁ ਬੀਚ । ਮਾਰਹ ਸਿਰ ਪਹਿ ਛੜ ਕੌ ਖੀਂਚ ।
ਟੂਟੀ ਕਮਾਨ ਸਿਰ ਮਾਰਹਿ ਤਾਨ । ਸੀਸ ਸੁ ਫੋੜਹਿ ਬਲੀ ਜੁਆਨ ।
ਟੋਲੈਂ ਲਖੂ ਜੁ ਪਾਵੈਂ ਕਹੀਂ । ਰਹੈ ਪਿਛੈ ਸੋ ਲਭੈ ਨਹੀਂ ।
ਬਲੀ ਸਿੰਘ ਜੋ ਸ਼ਸਤਰ ਮਾਰੈਂ । ਤੁਰਕ ਸੁ ਮੁੰਡੀਆ ਕਾਟ ਉਤਾਰੇ ।



Digitized by Panjab Digital Library | www.panjabdigilib.org

ਦੋਹਰਾ-ਫੇਰ ਫਿਰੇ ਬਲ ਨਹਿੰ ਚਲੈ ਤੋਪ ਜੰਬੂਰਨ ਨਾਲ ।
ਤਕਜੋ ਤਬਹਿ ਦਰਯਾਉ ਤਿਨ ਹੋਈਏ ਜਿਮ ਤਿਮ ਪਾਰ ।

ਚੌ:—ਜਾਇ ਖੜੇ ਦਰਿਯਾਇ ਕਿਨਾਰੇ । ਅਗੇ ਦਰਯਾਇ ਸੁ ਲਹਰੇ ਮਾਰੇ ।
ਸ਼ੂੰਕੇ ਫੂੰਕੇ ਚੁੱਕੇ ਪਾਏ ਡੰਡ । ਘੁੰਮਨ ਘੇਰਨ ਭਯਾਨਕ ਪ੍ਰਚੰਡ ।
ਬਹੁਤ ਜ਼ੋਰ ਸੋ ਗਾਜਤ ਆਵੈ । ਬਹੁਤ ਬ੍ਰਿਛਨ ਕੀ ਜੜ੍ਹਾਂ ਪੁਟਾਵੈ ।
ਉਹਾਂ ਪੁਰਸ਼ ਕੋ ਕੌਨ ਚਲਾਵੈ । ਤੋੜਤ ਸਿਲਾ ਪੱਥਰ ਕੀ ਆਵੈ ।

ਦੋਹਰਾ-ਕਹਯੋ ਉਹਾਂ ਖੜ ਖਾਲਸੇ 'ਕੋਊ ਯਾਹ ਲਿਆਵੈ ਥਾਹ ।
ਯਾਂਕੇ ਪਾਛੈ ਸਭ ਲੰਘੈਂ ਐਸ ਬਤਾਵੈ ਰਾਹ' ।

ਚੌ:—ਰਹਤ ਸਿੰਘ ਥੇ ਡੱਲੇ ਵਾਲ । ਖਤ੍ਰੀ ਜਾਤ ਸੁ ਭਾਈ ਚਾਰ ।
ਸੂਰਬੀਰ ਬਡ ਜਾਪਹਿ ਭੂਪ । ਉਨਕੇ ਘੋੜੇ ਬਹੁਤ ਅਨੂਪ ।
ਕਹੇ ਸਿੰਘਨ ਦੁਇ ਵੜਤ ਸੁ ਭਏ । ਖਾ ਗਏ ਗੋਤੇ ਨਹਿੰ ਫਿਰ ਅਏ ।
ਗੁਰਦਯਾਲ ਸਿੰਘ ਕੇ ਭਾਈ ਓਈ । ਮਿਸਲ ਡੱਲੇਵਾਲ ਜਿਨਤੇ ਹੋਈ ।
ਤਬਹਿ ਖਾਲਸੇ ਐਸ ਬਿਚਾਰਾ । 'ਹਮ ਸਿਰ ਆਯੋ ਉਹ ਵਖਤ ਭਾਰਾ ।
ਇਕਲੇ ਕਿਮ ਡੁਬ ਮਰੈਂ ਦਰਯਾਇ । ਮਰੋ ਤੁਰਕ ਸੰਗ ਦਸਮ ਗੁਰ ਭਾਇ ।

ਦੋਹਰਾ-ਤਬਹਿ ਬਿਚਾਰਯੈ ਖਾਲਸੇ 'ਆਯੋ ਵੇਲਾ ਸੋਇ ।
ਜੋ ਸ੍ਰੀ ਮੁਖ ਤੇ ਆਖਿਓ ਸਤਿਗੁਰ ਸਨਮੁਖ ਹੋਇ ।

ਚੌ:—ਸਿੱਧੇ ਮੁਖ ਕਰ ਲੜੇ ਜੁ ਸੂਰਾ । ਸਵਾ ਲਾਖ ਸਿਓ ਉਤਰੋਗੇ ਪੂਰਾ ।
ਜਬ ਲਗ ਰਖੋਗੇ ਪੰਥ ਇਹ ਖਿਆਲ । ਕਰੌਂਗੇ ਪਤਿਸ਼ਾਹੀ ਤਬ ਸੁਖ ਨਾਲ ।

ਦੋਹਰਾ-ਬਚਨ ਕਹੇ ਜੋ ਖਾਲਸੇ ਲਏ ਪੰਥ ਸੋਈ ਮਾਨ ।
ਚਹੁੰ ਓਰ ਮੁਖ ਕਰ ਚੜ੍ਹੇ, ਮੋੜਯੋ ਮੁੱਖ ਨਾ ਕਾਨ ।

ਚੌ:—ਜੇਊ ਵਲ ਪਹਾੜ ਥੇ ਖੜੇ । ਹਿੰਮਤ ਕਰ ਪਹਾੜ ਸੋ ਚੜ੍ਹੇ ।
ਅੱਗੈ ਖੜੀ ਪਹਾੜ ਸਿਪਾਹ । ਸੋ ਦੇਵੈ ਨਹੀਂ ਸਿੰਘਨ ਰਾਹ ।
ਮਾਰਹਿੰ ਪਾਥਰ ਇਟਨ ਬੰਦੂਕ । ਆਵੈਂ ਤੋਪਨ ਗੋਲੇ ਸੋ ਕੂਕ ।
ਜਹਾਂ ਲਗੈ ਤਨ ਜਾਵੈ ਟੂਟ । ਅਗੇ ਸਿਪਾਹੀ ਖੜੇ ਰਾਜਪੂਤ ।

ਦੋਹਰਾ-ਤੌ ਸਿੰਘਨ ਨੇ ਜੋਸ਼ ਕਰ ਇਕ ਲਯੋ ਮੋਰਚੋ ਮਾਰ ।
ਓਹੁ ਆਇ ਬਹੁਤੇ ਪੜੇ ਉਨ ਦੀਏ ਫੇਰ ਓਤਾਰ ।

ਚੌ:—ਤੌ ਸਿੰਘਨ ਫਿਰ ਕੀਓ ਉਪਾਉ । ਤੱਕਯੋ ਓਪਰ ਚੜ੍ਹਨ ਕੋ ਦਾਉ ।
ਲੁਕੇ ਪਹਾੜ ਜੜ੍ਹਨ ਮੈਂ ਧਾਇ । ਖੋਦ ਮਟੀ ਲੁਕਨ ਕੀਯੋ ਥਾਇ ।



Digitized by Panjab Digital Library | www.panjabdigilib.org

ਜਿਮ ਸਿਰ ਲੁਕੇ ਸੁ ਊਪਰ ਵਾਇ। ਤਿਸ ਬਿਧ ਮਿੱਟੀ ਸਿੰਘਨ ਪੁਟਾਇ।
ਕਰਦਨ ਛੁਰੀਅਨ ਸਾਥ ਕਟਾਰੀ। ਨੇਜਨ ਬਰਛਨ ਸੰਗ ਤਲਵਾਰੀ।

ਦੋਹਰਾ-ਠਹਰ ਥਾਉਂ ਪਗ ਧਰਨ ਕਰ ਕੀਨੋਂ ਸਿੰਘਨ ਜੋਰ।
ਜਾਇ ਚੜ੍ਹੇ ਤਿਹ ਥਾਂ ਖੜੇ ਅੜੇ ਭਿੜੇ ਤਿਨ ਘੋਰ।

ਚੌ:—ਤਬ ਪਹਾੜੀਏ ਅਏ ਕਰ ਸ਼ੌਰ। ਮਗਰੇ ਕੀਨੋ ਸਿੰਘਨ ਜ਼ੋਰ।
ਸਿੰਘਨ ਹਥਹੁੰ ਸ਼ਸਤਰ ਛੁੱਟੇ। ਲਗੇ ਪ੍ਰਬਤੀਅਨ ਫਿਰੇ ਅਪੁੱਠੇ।
ਗੈਲ ਸੁ ਸਿੰਘਨ ਬਹੁਤ ਦਬਾਈ। ਲਿਯੋ ਸੁ ਟਿੱਬਾ ਸਿੰਘਨ ਛੁਡਾਈ।
ਜੋਊ ਪਿਆਦੇ ਚੜ੍ਹੇ ਉਤਾਹੀ। ਘੋੜੇ ਉਨ ਕੇ ਚੜ੍ਹੇ ਸੁ ਨਾਂਹੀ।
ਔਰ ਤਕਾਯੋ ਚੜ੍ਹ ਇਕ ਰਾਹੁ। ਦਰਯਾਉ ਕਰਤ ਥਾ ਜਿਤਵਲ ਢਾਹ।
ਸ਼ਸਤ੍ਰਨ ਸਿਉਂ ਤਿਹ ਰਾਹ ਖੁਦਾਯਾ। ਘੋੜੇ ਕਉ ਤਿਹ ਚਰਨ ਰਖਾਯਾ।
ਕੋਈ ਬਚੈ ਕੋ ਗਿਰ ਜਾਵੈ। ਗਿਰੈ ਤਹਾਂ ਸੁ ਦਰਯਾਉ ਡੁਬਾਵੈ।
ਮਿਲੈ ਨ ਪਿਛਲਨ ਫਿਰ ਸੋ ਅਗਲੇ। ਜਿਤ ਕੈਸੇ ਤਿਤ ਗਏ ਸੁ ਵਗਲੇ।
ਅਗੇ ਲਖਨ ਕੀ ਜਗਾ ਨ ਪੱਯੇ। ਪਿਛੇ ਕਿਤ ਬਿਧਿ ਪਲਟ ਨ ਜੱਯੇ।
ਭਈ ਭੀੜ ਬਹੁ ਭਰ ਗਯੋ ਰਾਹੁ। ਤਿਲਕੇ ਤਿਲਕੇ ਡੁਬੇ ਦਰਯਾਇ।

ਦੋਹਰਾ-ਅਗਲੇ ਕਹੈਂ ਪਿਛਲੇ ਭਲੇ ਪਿਛਲੇ ਅਗਾਂਹ ਤਕਾਹਿੰ।
ਕੋਊ ਕਿਸੈ ਨ ਕਹਿ ਸਕੈ ਲਗੈ ਰਾਹ ਤਹਿੰ ਜਾਹਿੰ।

ਚੌ:—ਰਿਜ਼ਕ ਖਾਵੈ ਕੀ ਕੌਨ ਚਲਾਵੈ। ਪਾਣੀ ਪੀਣੋਂ ਨਹਿੰ ਬਣ ਆਣ।
ਪਰ ਕਿਛ ਕਲਾ ਸੁ ਧਰੀ ਸਰੀਰ। ਗਿਰੇ ਨ ਚਲਨੋਂ ਧਰੇ ਸੁ ਧੀਰ।
ਕਈ ਦਿਨਨ ਕੇ ਭੁੱਖੇ ਸਿੱਖ। ਮੰਗਤ ਉਨ ਨਹਿੰ ਲੱਭੇ ਭਿੱਖ।
ਸਗਵਾਂ ਮਾਰੈਂ ਦੇਖ ਸੁ ਥਾਇ। ਪਾਇ ਰੱਸੇ ਦੁਇ ਤੁਰਕਨ ਫੜਾਇ।

ਦੋਹਰਾ-ਮਾਰਤ ਮਰਤੇ ਦੇਖ ਜਨ ਗਈ ਭਾਜ ਉਨ ਭੂਖ।
ਭਯੋ ਸੰਤੋਖ ਸੋ ਖਾਲਸੇ ਹਰੇ ਦੇਖ ਕੇ ਰੂਖ।
ਉੱਪਰ ਚੜੇ ਸੁ ਖੜ ਰਹੇ ਸੁਨੋ ਤਲਨ ਕੀ ਬਾਤ।
ਜਿਹ ਬਿਧ ਸੁਨੀ ਹਮ ਪਿਤਾ ਤੇ ਕਰੋਂ ਸੋਊ ਵਖਯਾਤ।

ਚੌ:—ਨੀਹਲ ਤੁਰਕਨ ਪਾਯੋ ਜੋਰ। ਜਾਣਯੋਂ ਸਿੰਘਨ ਭਾਜਣ ਤੌਰ।
ਸਿੰਘਨ ਊਪਰ ਹੱਲਾ ਕਰਾਯੋ। ਛਾਡ ਨਿਸ਼ਾਨਨ ਬਾਜੇ ਬਜਾਯੋ।
ਹੁਕਮ ਦੀਯੋ ਅਰ ਨਕੀਬ ਫਿਰਾਯੋ। 'ਪਹਿਲੇ ਲੂਟ ਨ ਕਰਨੀ ਪਾਯੋ।
ਲਯਾਵੇ ਸਿੱਖਨ ਕੋ ਸਿਰ ਜੋਈ। ਪੰਜ ਰੁਪੱਯੇ ਸਿਰ ਦਿਉਂ ਤੋਈ।
ਪਾਛੇ ਲੂਟ ਮਾਫ ਮੈਂ ਕਰੋਂ। ਡੇਰਾ ਸਭ ਜਬ ਕਤਲੋਂ ਕਰੋਂ।



Digitized by Panjab Digital Library | www.panjabdigilib.org

ਪਹਿਲੇ ਲੂਟਨ ਕੋ ਤੁਮ ਪਰੇ । ਮਤਿ ਕਤ ਭਾਜ ਸਿੰਘ ਫਿਰ ਵਰੇ'।
ਤਬ ਸਿੰਘਨ ਕੇ ਸਿਰ ਭਈ ਮਾਰ । ਛੂਟਤ ਭਈ ਤੋਪ ਤਲਵਾਰ।
ਘੋੜਨ ਸੋਂ ਸਿੰਘ ਦਏ ਪਿਛਾਰੇ । ਤਬ ਸਿੰਘਨ ਭੀ ਸ਼ਸਤ੍ਰ ਸੰਭਾਰੇ।
ਔ ਪੁਨ ਗੁਰ ਕੇ ਬਚਨ ਬਿਚਾਰੇ । ਹੋ ਠਾਂਢੇ ਕਿਛ ਅਗੇ ਸਿਧਾਰੇ।
ਤੁਰਕਨ ਹੱਲਾ ਫੇਟਾ ਕਰਜੋ । ਤੁਰਕਨ ਦਲ ਫਿਰ ਪਿਛੇ ਹਟ ਰਹਜੋ।

ਦੋਹਰਾ-ਸੁੱਖਾ ਸਿੰਘ ਤਬ ਯੋਂ ਕਹੀ 'ਮੈਂ ਪਰੋਂ ਲੱਖੂ ਪਰ ਜਾਇ।
ਹਮਰੇ ਸੰਗ ਆਵੈ ਸੋਊ ਜੋ ਪਿੱਛੈ ਧਰੈ ਨ ਪਾਇ'।

ਚੌ:—ਸੁਖਾ ਸਿੰਘ ਤਬ ਸਦ ਹਲਕਾਰੇ । 'ਰਹਿ ਦਿਵਾਨ ਜਹਿੰ, ਦੱਸੋ ਸਾਰੇ'।
ਹਲਕਾਰੇ ਕਹੀ 'ਸੁ ਹੱਥ ਨ ਆਵੈ । ਬਹੁ ਫੌਜਨ ਕੇ ਮੱਧ ਰਹਾਵੈ।
ਊਚੇ ਹਾਥੀ ਅੰਬਾਰੀ ਲਾਲ । ਰਹੇ ਤਹਾਂ ਨਹ ਫਿਰਤੋ ਨਾਲ।
ਲਘੁ ਹਾਥੀ ਊਪਰ ਬਹੇ । ਕਬੀ ਘੋੜਾ ਕਬੀਂ ਪਾਲਕੀ ਬਹੇ।
ਰਖੇ ਚੁਫੇਰੇ ਪੈਦਲ ਘਨੀ । ਫਿਰ ਅਸਵਾਰੀ ਫੌਜ ਜਹਿੰ ਬਨੀ।
ਆਗੈ ਰਾਖੈ ਊਠ ਜੰਬੂਰੇ । ਆਗੇ ਤੋਪਨ ਕੀ ਬਿਧਿ ਪੂਰੇ'।

ਦੋਹਰਾ-ਸੁੱਖਾ ਸਿੰਘ ਸੁ ਨਹਿੰ ਟਰਜੋ ਕਰੀ ਤਿਸੈ ਪੈ ਦੌੜ।
ਜੰਬੂਰੇ ਕਾ ਗੋਲਾ ਲਗਜੋ ਦਈ ਟਾਂਗ ਤਿਸ ਤੋੜ।

ਚੌ:—ਟੂਟੀ ਟੰਗ ਦੇਹ ਬਿਹਬਲ ਭਈ । ਪਹੁੰਚ ਨ ਸਕਜੋ ਮਨ ਕੀ ਮਨ ਰਹੀ।
ਲੀਨੀ ਟੰਗ ਹੰਨੇ ਸਿਉਂ ਬੰਧ । ਆਗੈ ਲਗੈ ਨ ਚੜ੍ਹਨੋਂ ਫੰਧ।
ਤਬੈ ਸੁਖਾ ਸਿੰਘ ਪਾਛੈ ਮੁੜਾ । ਕਬੀ ਮੁੜੈ ਕਬੀ ਹੋ ਰਹਿ ਖੜਾ।
ਤੌ ਭੀ ਸਿੰਘ ਨਾਂਹੀਂ ਛੋੜੇ ਹਥਯਾਰ । ਹਠ ਔ ਤਪ ਕੇ ਬਲਹਿ ਸੰਭਾਰ।
ਜਹਾਂ ਹੋਇ ਸਿੰਘਨ ਕੋ ਭੀੜ । ਤਹੀਂ ਸੁ ਡਾਹੇ ਜਾਇ ਸਰੀਰ।
ਔਰ ਸੁਨੋਂ ਅਬ ਅਗਲੀ ਬਾਤ । ਕਿਛ ਪਰਬਤ ਕਿਛ ਨੀਹਲ ਘਾਤ।
ਯੋਂ ਤਬ ਖਾਲਸੇ ਮਤਾ ਮਤਾਯਾ । 'ਹਮ ਤੇ ਤੁਰਕ ਨ ਜਾਤ ਭਜਾਯਾ।
ਏ ਬਹੁਤੇ ਹਮ ਹੈਂ ਅਤਿ ਥੋੜੇ । ਭੁਖੇ ਹਮ ਔ ਭੁਖੇ ਘੋੜੇ।
ਅਬ ਹਮ ਇਨ ਤੇ ਜਾਵੈਂ ਭਾਜ । ਸੂਧੇ ਹੁਇ ਫਿਰ ਕਰਿ ਹੈਂ ਕਾਜ।
ਚਾਰੋਂ ਕੂੰਟਨ ਕੋ ਭਜ ਜਾਵੋਂ । ਅਬ ਤੌ ਨਠ ਕਰ ਵਕਤ ਲੰਘਾਵੋਂ।
ਹਮ ਕੋ ਨਠਨਾ ਗੁਰੂ ਬਤਾਯਾ । ਦਾਈ ਪਟ ਮੈਂ ਫੱਟ ਗਿਣਾਯਾ।

ਦੋਹਰਾ-ਸੁੱਖਾ ਸਿੰਘ ਤਿਖਾਣ ਥੋ ਜੋ ਮਾੜੀ ਕੰਬੋਵਾਲ।
ਲੱਖੂ ਕੇ ਸਨਮੁਖ ਰਹੈਂ ਬੰਨੋ ਸਿੰਘਨ ਨਾਲ।

ਚੌ:—ਤਬਹਿ ਖਾਲਸੇ ਐਸ ਠਹਿਰਾਈ । ਆਪ ਆਪਨੀ ਓਰ ਤਕਾਈ।
ਜੋਊ ਪਹਾੜੀ ਚੜ੍ਹਯ ਨ ਜਾਈ । ਤਿਨ ਸਿੰਘਨ ਸੋਂ ਐਸ ਸੁਨਾਈ।



Digitized by Panjab Digital Library | www.panjabdigilib.org

'ਹਮ ਸੁ ਪਹਾੜੀ ਨਾਂਹਿ ਚੜ੍ਹਾਈ । ਹਮ ਕੋ ਬਚਨ ਪਿਛੈ ਕੋ ਕਰਾਹੀ ।
ਪਹਾੜ ਘੋੜੇ ਤੇ ਚੜ੍ਹਯੋ ਨ ਜਾਵੈ । ਬਿਨ ਘੋੜੋ ਹਮ ਕਿੱਕਰ ਧਾਵੈਂ ।

ਦੋਹਰਾ-ਤਬੈ ਖਾਲਸੇ ਨੇ ਕਹੀ 'ਖਿੰਡੋ ਸੁ ਚਾਰੋ' ਓਰ ।
ਫਿਰ ਮਾੜੇ ਹੋ ਸਿਕਠੇ ਆਨ ਮਚਾਵੈਂ ਸ਼ੋਰ' ।

ਚੌ:—ਤਬ ਸੁੱਖਾ ਸਿੰਘ ਕਰੀ ਸਲਾਹ । 'ਆਵੋ ਹਮ ਸੰਗ ਪਿਛਲੇ ਦਾਇ ।
ਜੋ ਹੈ ਕੋਊ ਸ਼ਜਾਦਾ ਸਿੰਘ । ਚੜੋ ਪਹਾੜੀ ਕਰੋ ਨ ਢਿੱਲ ।
ਜੋ ਅਸਵਾਰ ਸੁ ਹਮ ਸੰਗ ਆਵੋ । ਸੋਊ ਪਹਾੜਨ ਪੈਰ ਨ ਪਾਵੋ ।
ਜਬ ਲਗ ਚੜ੍ਹੈਂ ਪਹਾੜ ਪਯਾਦੇ । ਤੌ ਲਗ ਹਮ ਨਹਿੰ ਛਡ ਉਨ ਜਾਂਦੇ' ।

ਦੋਹਰਾ-ਜਬ ਸੁੱਖਾ ਸਿੰਘ ਖਾਲਸੇ ਯੌਂ ਦੀਨੋ ਫੁਰਮਾਇ ।
ਬੇਟਾ ਮਿਲ਼ਯੋ ਨ ਬਾਪ ਕੋ ਭਾਈ ਮਿਲ਼ਯੋ ਨ ਭਾਇ ।
ਜਬ ਸੁੱਖਾ ਸਿੰਘ ਨੇ ਲਖੇ ਚੜ੍ਹੇ ਪਿਆਦੇ ਪਹਾੜ ।
ਕਿਛੁ ਦਰਿਆ ਸੋ ਬੰਧ ਤੁਲ੍ਹੇ ਵੜੇ ਸੁ ਹੋਣੇ ਪਾਰ ।

ਚੌ:—ਤਬ ਸੁੱਖਾ ਸਿੰਘ ਕਰੀ ਸਲਾਹਿ । 'ਅਬ ਲੱਖੂ ਪਰ ਪਰੀਐ ਜਾਇ ।
ਜੋ ਦੇਵੇ ਕੋ ਹਮੈ ਬਤਾਇ । ਉਸੈ ਮਾਰੋਂ ਕੈ ਰਹੋਂ ਮਰਾਇ' ।
ਤਬੈ ਦਨਾਵਾਂ ਐਸੇ ਕਹੀ । 'ਅਬ ਹਮ ਲੜਨੇ ਹਿੰਮਤ ਨਹੀਂ ।
ਅਬ ਹਮ ਚਲੋਂ ਇਹਾਂ ਤੇ ਦੌੜ । ਮੁਲਕ ਮਾਲਵੇ ਕਰਾਯੋ ਠੌਰ ।

ਦੋਹਰਾ-ਫੌਜ ਸੁ ਆਗੈ ਬਹੁਤ ਹੈ ਕਿਮ ਕਰ ਲੰਘਯੋ ਜਾਇ ।
ਤੋਪ ਜੰਬੂਰੇ ਬਹੁ ਚਿਣੇ ਨਹੀ ਵੇਹਲ ਕਿਤ ਜਾਇ ।

ਚੌ:—ਕੋਊ ਕਹੈ 'ਕੋਊ ਰਾਹੁ ਤਕਾਓ । ਥੋੜੀ ਫੌਜ ਵਲੋਂ ਨਠ ਜਾਓ' ।
ਕੋਊ ਕਹੈ 'ਦਰਿਯਾ ਮੈਂ ਵੜੋਂ' । ਕੋਊ ਕਹੈ 'ਫਿਰ ਪਹਾੜੀਂ ਚੜੋਂ' ।

ਦੋਹਰਾ-ਤਬ ਸੁੱਖਾ ਸਿੰਘ ਨੇ ਕਹਯੋ 'ਲੁਕ ਛਿਪ ਕੈਸੋ ਬਚਾਹਿੰ ।
ਬਿਨਾ ਲੜਾਈ ਕੇ ਕੀਏ ਹਮਰੋ ਨਾਂਹਿ ਨਿਬਾਹਿ' ।

ਚੌ:—ਸੁਖਾ ਸਿੰਘ ਤਬ ਕਹਯੋ ਪੁਕਾਰੀ । 'ਆਵੋ ਹਮ ਸੰਗ ਫੌਜ ਸੁ ਸਾਰੀ ।
ਮਾਰ ਮੋਰਚੋ ਜੋ ਹੈ ਭਾਰੀ । ਅਬ ਨਹਿੰ ਕਰੋ ਸੁ ਜਾਨ ਪਿਆਰੀ' ।
ਯੌਂ ਕਹਿ ਸਿੰਘਨ ਧੀਰ ਧਰਾਈ । ਪਰਯੋ ਮੋਰਚੈ ਉਪਰ ਜਾਈ ।
ਆਗੇ ਤੇ ਸੋ ਦੂਰ ਸੁ ਭਏ । ਦਯੋ ਰਾਹ ਛਡ ਉਠ ਨਠ ਗਏ ।
ਜੋ ਅੜਿਆ ਸੋ ਲੀਨੋ ਮਾਰ । ਉਨਕੇ ਲੀਨੇ ਲੂਟ ਹਥਿਆਰ ।
ਅੱਗੇ ਬੇਲਾ ਲੀਓ ਤਕਾਇ । ਜਾਇ ਵੜੇ ਸਭ ਤਿਸਕੇ ਮਾਹਿ ।
ਜਿਸ ਹੀ ਰਾਹ ਸੁਖਾ ਸਿੰਘ ਗਯੋ । ਤਿਸਹੀ ਪਾਛੇ ਬਹੁ ਦਲ ਭਯੋ ।
ਫੇਰ ਦੁਵੱਲੋਂ ਤੁਰਕ ਸੁ ਆਏ । ਸਿੰਘਨ ਪਿੱਛਾ ਲੀਓ ਦਬਾਏ ।



Digitized by Panjab Digital Library | www.panjabdigilib.org

ਦੂਹੂੰ ਵੱਲ ਤੇ ਤੋਪ ਸ਼ਸਤਰ ਚਲੈਂ । ਉਪਰ ਸਿੰਘਨ ਕਰ ਪਏ ਸੁ ਹੱਲੇ ।
ਦੂਹੂੰ ਵੱਲ ਤੇ ਤੋਪ ਚਲਾਵੈਂ । ਮਧ ਸਿੰਘਨ ਘੇਰ ਤੁਰਕ ਸੁ ਘਾਵੈਂ ।
ਜੋ ਸਿੰਘ ਆਏ ਕਰਕੇ ਇਕੱਠ । ਤੇ ਲੰਘੇ ਉਨ ਲਾਕੂੰ ਸੱਟ ।
ਜੋ ਪਿੱਛੇ ਤੇ ਲੀਨੇ ਤੋੜ । ਤੇ ਮਾਰੇ ਸਾਰੇ ਉਨ ਜੋੜ ।
ਸੁਖਾ ਸਿੰਘ ਮੁੜ ਖੜ੍ਹੇ ਰਲਾਵੈ । ਬਹੁਤ ਫੌਜ ਸੋਂ ਨਾਂਹਿ ਬਸਾਵੈ ।
ਲੜਤ ਭਿੜਤ ਕਛੂ ਵੜੇ ਸੁ ਝੱਲ । ਤੁਰਕ ਵੜੇ ਤਿਹ ਮਗਰੇ ਚੱਲ ।
ਜੋ ਤੁਰਕਨ ਕੇ ਹਾਥ ਸੁ ਆਯੋ । ਤੁਰਤ ਫ਼ੁਰਤ ਉਨ ਮਾਰ ਗੁਵਾਯੋ ।
ਕੀਯੋ ਗਮਨ ਸਿੰਘਨ ਵਲ ਝੱਲ । ਰਤਨ ਸਿੰਘ ਕਹਿ ਤਿਨ ਅਬ ਗੱਲ ।
ਸਿੰਘਨ ਝੱਲ ਵੜ ਪੈ ਗਏ ਰਾਤ । ਤੁਰਕ ਫੌਜ ਭਈ ਡੇਰੇ ਜਾਤ ।
ਸਿੰਘਨ ਝੱਲ ਮੈਂ ਪਾਯੋ ਗ੍ਰਾਮ । ਲੂਟ ਕੂਟ ਤਹਿੰ ਕੀਯੋ ਬਿਸ੍ਰਾਮ ।
ਆਧੀ ਰੈਨ ਤਹਾਂ ਤੇ ਤੁਰੇ । ਤੁਰਕ ਫੌਜ ਤੋਂ ਗੈਲੇ ਜੁਰੇ ।
ਸਿੰਘਨ ਕੋ ਤੇ ਲਾਗੇ ਖੋਜ । ਡਿੱਗੇ ਢੱਠੇ ਕੋ ਮਾਰੈ ਸੋਜ ।
ਥੱਕੇ ਭੁੱਖੇ ਨੰਗੇ ਥੇ ਖਰੇ । ਥੋੜੇ ਥੋੜੇ ਜਾਤ ਥੇ ਤੁਰੇ ।
ਆਇ ਫੌਜ ਨੇ ਤਹਿੰ ਫਿਰ ਘਿਰੇ । ਤਿਨਸੋਂ ਲਰਨ ਸਿੰਘ ਫਿਰ ਫਿਰੇ ।
ਜੋਊ ਝਲ ਕੇ ਅੰਦਰ ਆਯੋ । ਸੋ ਸਿੰਘਨ ਨੈ ਲਯੋ ਦਬਾਯੋ ।
ਝੱਲੋਂ ਬਾਹਰ ਸਿੰਘ ਜਿਨ ਪਾਯੋ । ਸੋਊ ਉਨ ਨੇ ਮਾਰ ਖਪਾਯੋ ।
ਤਬੈ ਖਾਲਸੇ ਮਤਾ ਪਕਾਯਾ । 'ਨੱਠ ਖਾਲਸੋ ਜਾਣ ਕਦ ਪਾਯਾ ।
ਮੁੜ ਮੁੜ ਲੜੋ ਔ ਤੁਰਤੇ ਜਾਵੋ । ਔਰ ਵਡਾ ਕੋ ਝੱਲ ਤਕਾਵੋ' ।

ਦੋਹਰਾ-ਛੋਟੇ ਝੱਲ ਜਬ ਸਿੰਘ ਵੜੈਂ ਕਰੈਂ ਤੁਰਕ ਬਹੁ ਖਾਰ ।
ਵਡੇ ਝੱਲ ਮਹਿੰ ਖਾਲਸਾ ਵੜ ਤੁਰਕਨ ਲੇਹਿ ਮਾਰ ।

ਚੌ:—ਤਬ ਤੁਰਕਨ ਇਕ ਮਤਾ ਪਕਾਯਾ । ਮੁਲਕ ਇਕੱਠਾ ਕਰ ਤਿਨੈਂ ਮੰਗਾਯਾ ।
'ਦਈਏ ਝੱਲ ਮੈਂ ਰੱਯਤ ਵਾੜ । ਇਨ ਸਿੰਘਨ ਕੋ ਲੇਵੈ ਮਾਰ'।
ਤਬ ਦਿਵਾਨ ਨੇ ਰੱਯਤ ਮੰਗਾਈ । ਆਈ ਰੱਯਤ ਢੋਲ ਬਜਾਈ ।
ਦੀਨੇ ਸੋਊ ਬੇਲੇ ਪੇਲ । ਸਾਥ ਬੰਦੂਕਨ ਔ ਹਥ ਸੇਲ ।

ਦੋਹਰਾ-ਸੋ ਸਿੰਘਨ ਸਿਉਂ ਆ ਭਿੜੇ ਕਰ ਕਰ ਕਈ ਉਪਾਇ ।
ਤੋ ਸਿੰਘਨ ਔਖੀ ਬਨੀ ਲਭੈ ਨਹੀਂ ਕਹੂੰ ਰਾਹਿ ।

ਚੌ:—ਸੁਖਾ ਸਿੰਘ ਤਬ ਐਸੀ ਕਹੀ । 'ਬਿਨ ਮਾਰੇ ਹਮ ਬਚੈਂ ਸੁ ਨਹੀਂ ।
ਜੇ ਅਬ ਇਨਕੋ ਲਈਏ ਮਾਰ । ਤੋ ਬੇਲੇ ਮੈਂ ਰਹੀਏ ਸੁਖਾਰ ।
ਜੇ ਹਮ ਤੇ ਇਹ ਹੋਇ ਨ ਮਾਰ । ਤੋ ਏਹ ਹਮ ਕੋ ਲੈਹੈਂ ਮਾਰ' ।
ਫਸੇ ਚੋਰ ਜਿਮ ਤਿਨ ਹਠ ਕੀਆ । ਸਤਿਗੁਰ ਰਖਣੋਂ ਖਾਲਸੋ ਥੀਆ ।



Digitized by Panjab Digital Library | www.panjabdigilib.org

ਦੋਹਰਾ-ਤੌ ਸਿੰਘ ਹੱਲਾ ਕਰ ਪਏ ਜੱਟ ਚਲੇ ਸੁ ਅੱਗੇ ਲਾਗ ।
ਜੋ ਲੱਭੇ ਸੋ ਖੋਹ ਲਏ ਦਏ ਜਾਣ ਬਹੁ ਭਾਗ ।

ਚੌ:—ਕਈ ਸੁ ਤਿਨ ਕੀ ਘੋੜੀ ਲਈ । ਬਸਤਰ ਸ਼ਸਤਰ ਦੇ ਗਏ ਕਈ ।
ਫੇਰ ਸਿੰਘ ਹੁਇ ਤੁਰੇ ਸੁਖਾਰੇ । ਜੋ ਲਰਨ ਵਾਰੇ ਤੇ ਸਭ ਹਾਰੇ ।
ਫਿਛਕੁ ਸਿੰਘਨ ਕੋ ਬੇਹਲ ਭਯੋ । ਤਬ ਮਾਝੇ ਕੋ ਵੜਨੋ ਠਯੋ ।
ਤੌ ਫਿਰ ਸਿੰਘਨ ਕਰੀ ਸਲਾਹਿ । 'ਆਗੈ ਦੇਸ਼ ਰਾਮਾ ਰੰਧਾਵਾ ਆਹਿ ।
ਸਿੰਘ ਕਹੈਂ 'ਅਬ ਟਪੀਐ ਦਰਯਾਉ' । ਕੀਓ ਉਦਮ ਤਬ ਲਖਨੇ ਕਾਉ ।
ਸਿਖਰ ਦੁਪਹਿਰੀ ਤੀਰ ਦਰਜਾਏ । ਦਿੱਭ ਖਿੱਭ ਕੇ ਤੁਲ੍ਹੇ ਬਨਾਏ ।
ਭਯੋ ਖਾਲਸੋ ਇਮਹਿ ਉਰਾਰ । ਉਹਾਂ ਖੜੇ ਰਹੇ ਘਰੀ ਦੁਇ ਚਾਰ ।
ਸਵਾਰ ਕਾਠੜੇ ਤੰਗ ਖਿਚਵਾਇ । ਤੁਰੇ ਸਿੰਘ ਤੌ ਅਗਲੇ ਦਾਇ ।

ਦੋਹਰਾ-ਜੋ ਰਹਯੋ ਥੋ ਸਿੰਘਨ ਪਹਿ ਸੋ ਡੁਬਿਓ ਦਰਿਆਇ ।
ਅੱਗੈ ਤੱਤੇ ਰੇਤ ਸੋਂ ਜਲੇ ਸੁ ਨੰਗੇ ਪਾਇ ।

ਚੌ:—ਬਹੁਤ ਸੁ ਘਨੀ ਬਰੇਤੀ ਆਈ । ਜਨੁ ਕਰ ਤੱਤੀ ਤਵੀ ਵਿਛਾਈ ।
ਤਬ ਸਿੰਘਨ ਨੇ ਕੱਪੜੇ ਪਾੜੇ । ਪੈਰੀਂ ਬੰਧੇ ਬਚੇ ਨਹਿ ਸਾੜੇ ।

ਦੋਹਰਾ-ਚਰਨ ਲਪੇਟਨ ਕੋ ਤਊ ਬੈਠੇ ਚਿਤੜ ਟਿਕਾਇ ।
ਤਿਨਕੇ ਚਿੱਤੜ ਜਾਹਿੰ ਜਲ ਕਰੈਂ ਸਿੰਘ ਹਾਇ ਹਾਇ ।

ਚੌ:—ਇਸ ਬਿਧਿ ਸਿੰਘ ਉਤਰੇ ਦਰਿਆਇ । ਵੜੇ ਸਿੰਘ ਮਾਝੇ ਮੇ' ਆਇ ।
ਫੇਰ ਲੰਘੇ ਜਹਿੰ ਦੁਇ ਦਰਿਆਇ । ਇਮਕਰ ਪੁੱਜੇ ਜੰਗਲ ਜਾਇ ।
ਹੈ ਜੈਤੋ ਜੋ ਉਹਾਂ ਗਰਾਮ । ਉਤਾਰਿਓ ਸਿੰਘਨ ਕਰ ਉਹਾਂ ਮੁਕਾਮ ।
ਸੁਖਾ ਸਿੰਘ ਤਹਿੰ ਟੰਗ ਖੁਲ੍ਹਾਏ । ਸੱਦ ਸਿਆਣੇ ਬੈਦ ਲਗਾਏ ।
ਤੇਲ ਪਾਇ ਟੰਗ ਧਰੀ ਪਨਾਰੇ । ਪੈ ਮੰਜੇ ਸਿੰਘ ਮਨ ਨਹੀਂ ਹਾਰੇ ।
ਜਬ ਕਾਰੀਗਰ ਕਰੀ ਤਿਆਰੇ । ਮਹੀਨੇ ਪੰਜ ਛੀ ਪੁੱਜੇ ਸਾਰੇ ।
ਫਿਰ ਸਿੰਘ ਮੱਜਨ ਕਰ ਸ਼ਸਤ੍ਰ ਪਹਰੇ । ਚੜਯੋ ਘੋੜੇ ਮੁਖ ਉਸ ਹੀ ਲਹਰੇ ।
ਇਮ ਹਮ ਸੁਨੀ ਪਿਤਾ ਤੇ ਬਾਤ । ਸੁੱਖਾ ਸਿੰਘ ਤਿਸ ਲਜਾਯੋ ਸਾਥ ।

## ਔਰ ਪ੍ਰਸੰਗ

[ਪਹਾੜੀ ਰਾਜਿਆਂ ਦੀਆਂ ਰਿਆਸਤਾਂ ਵਿਚ ਸਿੰਘਾਂ ਨਾਲ ਸਲੂਕ]

ਚੌ:—ਅਬ ਮੈਂ ਉਨਕੀ ਬਾਤ ਸੁਨਾਊਂ । ਰਹੇ ਜੋ ਪੜੋਲ ਕਠੂਹੇ ਥਾਊਂ ।
ਬਚੇ ਘੋੜੇ ਸੋ ਇਹ ਦਿਸ਼ ਆਏ । ਬਿਨਾਂ ਘੋੜੇ ਤੇ ਪਹਾੜ ਚੜਾਏ ।



Digitized by Panjab Digital Library | www.panjabdigilib.org

ਚਹੁੰ ਵਲ ਹੋ ਗਏ ਸਿੰਘਨ ਚੁਫੇਰੇ । ਐਸੇ ਭਏ ਦੁਖਨ ਕੇ ਘੇਰੇ ।
ਉਤਰੈਂ ਦਰਯਾਇ ਸੁ ਤੁਰਤ ਰੁੜ੍ਹਾਵੈ । ਉਤ ਪਹਾੜੀਏ ਗਲ ਰੱਸੀ ਪਾਵੈ ।
ਇਤੋਂ ਫੌਜ ਦੀਵਾਨ ਜੁ ਠਈ । ਸੋਉ ਸਿੰਘਨ ਕੋ ਕਾਟਤ ਭਈ ।
ਅਗੈ ਰਾਹਿ ਨਹਿੰ ਲਭੈ ਪਹਾਰੀ । ਐਸੀ ਭਈ ਸਮੇਂ ਕੀ ਕਾਰੀ ।

ਦੋਹਰਾ-ਔਰ ਬਾਤ ਕਛੂ ਨਾਹਿੰ ਬਨੈ ਸਿੰਘਨ ਯਹ ਮਤ ਕੀਨ ।
ਉਤਰੇ ਸਭੇ ਪਿਆਦ ਹੁਇ ਡਿਗ ਡਿਗ ਪਰੇ ਜਮੀਨ ।

ਚੌ:—ਪਾਛ ਪੜੇ ਪਹਾੜੀਏ ਫੇਰ । ਸਿੰਘਨ ਮਾਰੇ ਕੂਟੇ ਘੇਰ ।
ਸਿੰਘਨ ਉਚੇ ਪਰਬਤ ਤਕਾਏ । ਹਥ ਨ ਪਹੁੰਚਯੋ ਤਬ ਫਿਰ ਆਏ ।
ਐਸੀ ਆਨ ਕੁਫੇਰੀ ਪਈ । ਸਿੰਘਨ ਪੌਰਖ ਨਾਂਹਿ ਬਸਈ ।
ਲੂਟ ਨਹਿੰ ਸਕਹਿੰ, ਮੋਲ ਨਹਿੰ ਪਾਵੈਂ । ਇਤ ਕਰ ਭੂਖੇ ਮਰ ਮਰ ਜਾਵੈਂ ।
ਜਿੱਧਰ ਜਾਵੈਂ ਉਧਰੋਂ ਮਰਾਵੈਂ । ਖੜ ਖੜ ਸਿੰਘ ਚੌਫੇਰ ਤਕਾਵੈਂ ।
ਤਬ ਸਿੰਘਨ ਨੇ ਯਹ ਮਤ ਠਈ । 'ਹਮਹਿ ਪ੍ਰਬਤੀਅਨ ਬੁਰੀ ਨ ਕਈ ।
ਸਗਵਾਂ ਪ੍ਰਬਤੀਅਨ ਕੇ ਦੁਸਮਨ ਮਾਰੇ । ਹਮ ਨੇ ਇਨਕੇ ਕਾਜ ਸਵਾਰੇ ।
ਹਮ ਤੁਰਕਨ ਸੋਂ ਜੰਗ ਮਚਾਵੈਂ । ਇਨਕੇ ਊਪਰ ਆਵਨ ਨ ਪਾਵੈਂ ।
ਹਮ ਨੇ ਜੀਤ ਤੁਰਕ ਜਬ ਮਾਰੇ । ਏ ਟਕਿਅਨ ਤੇ ਭਏ ਸੁਖਾਰੇ ।
ਏ ਪਹਾੜੀਏ ਕੱਚੇ ਆਦਿ । ਕਰਯੋ ਇਨ੍ਹੈਂ ਹਮ ਗੁਰ ਸੋਂ ਬਾਦ'।
ਅਸ ਕਹਿ ਸਿੰਘ ਸੁ ਚੜ੍ਹੇ ਪਹਾੜੀਂ । ਆਗੇ ਹੋ ਕੇ ਆਪ ਉਜਾੜੀ ।
ਕਈ ਹਜਾਰ ਸਿੰਘ ਪਰਬਤ ਧਸਿਆ । ਨਠੋ ਪਹਾੜ ਕਛੂ ਰਹੈ ਨ ਬਸਿਆ ।
ਪਾਛੇ ਤੁਰਕ ਸੁ ਲਾਗੇ ਜਾਵੈਂ । ਡਿਗੇ ਪੜੇ ਤਿਸ ਸੀਸ ਕਟਾਵੈਂ ।
ਕਾਟਤ ਕੂਟਤ ਵੈ ਗਏ ਥਾਕ । ਸਿੰਘ ਨ ਨਿਖੁੱਟੇ ਰਹੇ ਕਛੂ ਬਾਕ ।

ਦੋਹਰਾ-ਕਹੂੰ ਕਹੂੰ ਸਿੰਘ ਲੜ ਪੜੈਂ ਕਹੂੰ ਭੂਖੈ ਖਾਵੈਂ ਲੂਟ ।
ਜਹਿੰ ਮੁੱਲ ਦੇਵੈਂ ਨਾ ਤਹਾਂ ਖਾਵੈਂ ਪੁਟਤ ਸੁ ਬੂਟ ।

ਚੌ:—ਤਹਾਂ ਲਚਾਰ ਰਿਜਕ ਕੀ ਭਈ । ਸਿੰਘ ਸੁ ਮਰ ਗਏ ਭੁੱਖੇ ਕਈ ।
ਮੁੱਲ ਜੁ ਮੰਗੈ ਨਾ ਢੁਕੈਂ ਦੁਵਾਰੇ । ਜੋ ਲੂਟੈਂ ਤੌ ਰਾਜੇ ਮਾਰੈਂ ।
ਖ੍ਰੀਦਨ ਗਏ ਸੁ ਦੇਵੈਂ ਨਹੀਂ । ਖਾਲਸੇ ਕੋ ਯਹਿ ਖ੍ਵਾਰੀ ਭਈ ।
ਕੋਊ ਕਹੈ 'ਏ ਬੰਦੇ ਸੰਗ ਆਏ । ਲੂਟ ਕੂਟ ਇਨ ਹਮ ਸਤਾਏ'।
ਬਹੁਤਨ ਦੇਖ ਸੁ ਜਾਵੈਂ ਭਾਜ । ਥੋੜਨ ਕੋ ਲੁਟ ਕਰੈਂ ਇਲਾਜ ।
ਕੋਊ ਨ ਰਾਜਾ ਧੀਰ ਧਰਾਵੈ । ਕੋਊ ਨ ਰਾਜਾ ਗੈਲ ਛੁਡਾਵੈ ।
ਤਬ ਸਿੰਘਨ ਨੇ ਭੇਖ ਵਟਾਯੋ । ਕੇਸਨ ਬਾਂਧ ਸਿਰ ਜਟਾਂ ਠਹਿਰਾਯੋ ।
ਚਾਕਰ ਹੋਨ੍ਹੇ ਕਰੈ ਬਨਾਇ । ਮੰਡੀ ਕੁੱਲੂ ਲੌਂ ਪਹੁੰਚਯੋ ਜਾਇ ।



Digitized by Panjab Digital Library | www.panjabdigilib.org

ਔਰ ਰਾਣੀ ਕੋਊ ਨਕਟੀ ਕਹਾਵੈ । ਤਿਹ ਥਾਂ ਜਾਇ ਦਿਨ ਕਟੈਂ ਸੁਖਾਵੈ ।
ਐਸੇ ਪੰਜ ਛੇ ਕਟੇ ਮਹੀਨੇ । ਫਿਰ ਮੁੜ ਆਏ ਕੀਰਤ ਪੁਰੀ ਮੇਂ ।

ਦੋਹਰਾ-ਜੋਊ ਬਚਜੋ ਇਸ ਮੌਤ ਤੇ ਵਿਚ ਪਹੁੰਚ ਪਹਾੜੀ ਔਖ ।
ਕੀਰਤ ਪੁਰ ਫਿਰ ਆ ਪੁਜੇ ਜੇਕੋ ਬਚਿਓ ਚੌਖ ।
ਛਠੇ ਮਹੀਨੇ ਲਿਖ ਚਿਠੇ ਸਿੰਘਨ ਭਯੋ ਮਿਲਾਨ ।
ਜੋ ਬਚਿਓ ਔ ਮਰ ਗਯੋ ਆਈ ਤਬਹਿ ਪਛਾਨ ।

## ਔਰ ਪ੍ਰਸੰਗ

[ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ]

ਚੌ:— ਅਬ ਸੁਨ ਫਿਰ ਸਬਹਨ ਕੀ ਬਾਤ । ਜਿਨ ਜਿਨ ਆਈ ਥੀ ਬਿਧਨਾਂ ਰਾਤ ।
ਮਾਲਵੇ ਜੰਗਦ ਪਹੁੰਚੇ ਸੋ ਬਚ ਰਹੇ । ਕਛੁਕ ਮਾਝੇ ਵੜ ਲੁਕ ਮੁੜ ਘਰ ਬਹੇ ।
ਔ ਜੁ ਪੜੌਲ ਫੜੇ ਸੋ ਮਾਰੇ । ਕਈ ਪਹਾੜਨ ਮੇਂ ਰਹੇ ਬੀਚਾਰੇ ।
ਬਹੁਤੇ ਜੇਹਲ ਬਸੋਲੀਅਨ ਕਰਕੇ । ਹੱਥ ਹਥੌੜੀ ਗਲ ਟੰਕ ਭਰਕੇ ।
ਪਾਸ ਨਿਬਾਬ ਗਏ ਤੇ ਸਾਰੇ । ਉਨਕੇ ਸੀਸਨ ਬੁਰਜ ਉਸਾਰੇ ।
ਬਚੇ ਸਿੰਘ ਕਿਛ ਹਿੱਸਾ ਥੋਰਾ । ਰਹਜੋ ਨ ਤਿਨ ਪੈ ਚੜ੍ਹਨੋ ਘੋੜਾ ।

ਦੋਹਰਾ-ਸੁੱਖਾ ਸਿੰਘ ਸੰਗ ਜੋ ਗਏ ਹਜਾਰ ਦੋਇ ਕੈ ਤੀਨ ।
ਇਨ ਪੈ ਘੋੜੇ ਜੋ ਬਚਜੋ ਬੀਜ ਮਾਤ੍ਰ ਗਿਨ ਲੀਨ ।

ਚੌ:—ਕੋਊ ਕਹੈ ਮੋਏ ਚਾਲੀ ਹਜ਼ਾਰ । ਕੋਊ ਕਹੈ ਸਿੰਘ ਬਹੁ ਭਏ ਮਾਰ ।
ਕੋਊ ਕਹੈ ਸਿੰਘ ਚਾਲੀ ਸਾਰੇ । ਤਿਨ ਮੇਂ ਬਚੇ ਛੇ ਸਤ ਕੁ ਸਾਰੇ ।
ਕੋਊ ਕਹੈ ਦਲ ਆਹਿ ਪਚਾਸ । ਤਿਨ ਮੇਂ ਭਯੋ ਚਾਲੀ ਕੋ ਨਾਸ ।
ਕੋਊ ਕਹੈ ਸਿੰਘ ਹੋਤੇ ਘਨੇ । ਪਰਤ ਨਹੀਂ ਜੋ ਮੂਏ ਗਨੇ ।
ਸੋ ਲਿਖ ਦੀਨੀ ਜੋ ਹਮ ਸੁਨੀ । ਪਰਤ ਨਹੀਂ ਕਛੂ ਗਿਨਤੀ ਗਨੀ ।
ਜੋ ਮੁਹਿ ਪਿਤਾ ਥੋ ਮੋਹਿ ਸੁਨਾਯੋ । ਰਤਨ ਸਿੰਘ ਨੇ ਸੋਊ ਲਿਖਾਯੋ ।

ਦੋਹਰਾ-ਸੰਮਤ ਠਾਰਾਂ ਸੈ ਹੁਤੋ ਊਧਰ ਤੀਨ ਸੁ ਸਾਲ ।
ਘੱਲੂਘਾਰੋ ਵਡ ਕਰਜੋ ਤੁਰਕਨ ਸਿੰਘਨ ਨਾਲ ।



Digitized by Panjab Digital Library | www.panjabdigilib.org

# ਸਾਖੀ ਲਖੂ ਔ ਸ਼ਾਹਿ ਨਿਵਾਜ ਸਿਰ ਹੋਣੀ ਕੀ

[ਅਹਮਦ ਸ਼ਾਹ ਦਾ ਹਮਲਾ, ਲੱਖੂ ਸਿੰਘਾਂ ਦੇ ਹਵਾਲੇ]

ਦੋਹਰਾ-ਸ਼ਾਹ ਨਵਾਜ਼ ਗਰਰੋ ਵਧਯੋ ਸਿੰਘਨ ਕੋ ਤਬ ਮਾਰ ।
ਕਹਿ 'ਪਤਿਸ਼ਾਹੀ ਮੈਂ ਕਰੂੰ ਜਾ ਦਿੱਲੀ ਤਖਤ ਸੰਭਾਰ ।
ਲੱਖੂ ਸ਼ਾਹ ਨਿਵਾਜ ਸਿਰ ਆਈ ਬੁਰਾਈ ਦੋਇ ।
ਦੇਖੋ ਸਤਿਗੁਰ ਕੀ ਕਲ਼ਾ ਕਜਾ ਉਨ ਸਿਰ ਹੋਨੀ ਹੋਇ ।
ਹੈ ਭਾਵੀ ਕੋ ਭਾਵ ਯੌ ਬਡ ਪਾਪੀਓਂ ਪਾਪ ਕਰਾਇ ।
ਭਾਰੋ ਭਾਰੋ ਹੁਇ ਵਜਨ ਤੇ ਬੇੜੋ ਭਰਯੋ ਡੁਬਾਇ ।
ਔਰ ਕਹਣ ਤਿਸ ਕਜ਼ਾ ਕਹੋਂ ਗੁੜ ਕਹਨੋ ਦੀਓ ਹਟਾਇ ।
ਗੁੜ ਕਹਨੇ ਮੇਂ ਗੁਰ ਸੁਨਯੋ, ਮਿਠਾਈ ਦੀਓ ਅਖਾਇ ।

ਚੌ:—ਤਬ ਲੱਖੂ ਨੇ ਹੋਕਾ ਦਿਵਾਯੋ । 'ਨਾਨਕ ਕੋ ਨਾਨੂ ਕਹਿਵਾਯੋ ।
ਨਾਨਕ ਬਾਨੀ ਸੁਨੈ ਜੁ ਕਾਨ । ਤਾਂਹਿ ਕਰਾਵੋ ਮੁੱਸਲਮਾਨ' ।
ਗ੍ਰੰਥ ਪੋਥੀ ਹਥ ਆਵਹਿ ਵਾਹਿ । ਮਧ ਦਰਿਆਇ ਡੁਬਾਵੈ ਤਾਂਹਿ ।
ਕਹਿ 'ਮੈਂ ਨਾਨਕ ਪੰਥ ਮਿਟਾਊਂ । ਮੈਂ ਭੀ ਖੱਤ੍ਰੀ ਤਊ ਕਹਾਊਂ' ।



Digitized by Panjab Digital Library | www.panjabdigilib.org

੭

# ਸਾਖੀ ਅਹਿਮਦ ਸ਼ਾਹ ਔਰ ਸੁਖਾ ਸਿੰਘ ਕੀ

[ਖਾਲਸੇ ਵਿਚ ਫੁੱਟ। ਸੁੱਖਾ ਸਿੰਘ ਸ਼ਹੀਦ]

ਦੋਹਰਾ-ਅਠਾਰਾਂ ਸੈ ਦਸ ਊਪਰੇ ਫਿਰ ਆਯੋ ਅਹਿਮਦ ਸ਼ਾਹਿ।
ਸੱਦਯੋ ਰੁਹੇਲੇ ਨਜੀਬ ਖਾਂ ਮੁਏ ਮੁਹੰਮਦ ਸ਼ਾਹਿ।

ਚੌ:— ਚਾਰ ਪਕਾਂਤ ਕੇ ਚਾਰ ਬਜੀਰ। ਦਬਯੋ ਆਪ ਤਿਨ ਮੁਲਖ ਗੰਭੀਰ।
ਆਪਸ ਮਾਂਹਿ ਸ਼ਰੀਕਤ ਕਰੈਂ। ਆਪਸ ਮਾਂਹਿ ਸੁ ਮਾਰੈਂ ਮਰੈਂ।
ਲਖਨਊ ਮਲਯੋ ਮਨਸੂਰਹਿ ਅਲੀ। ਮਨਸੂਰੀ ਟਕੇ ਮੋਹਰ ਜਿਹ ਚਲੀ।
ਹੁਤੋ ਬਜੀਰ ਨਿਜ਼ਾਮਹਿ ਅਲੀ। ਦੱਖਨ ਰੋਕ ਰਖੀ ਉਨ ਭਲੀ।

ਦੋਹਰਾ-ਦਿੱਲੀ ਕੇ ਪਤਿਸ਼ਾਹਿ ਕੋ ਇਨ ਕੀਨੋ ਲੂਣ ਹਰਾਮ।
ਰੁਹੇਲਾ ਗਿਲਜੈ ਜਾ ਮਿਲਯੋ ਨਜੀਬ ਖਾਨ ਉਸ ਨਾਮ।

ਚੌ:— ਮੁਗਲ ਗਾਜਦੀਂ ਮ੍ਰਹਟਨ ਲਯਾਵੈ। ਰੁਹੇਲੇ ਊਪਰ ਉਨੈਂ ਚੜ੍ਹਾਵੈ।
ਨਜੀਬ ਖਾਨ ਨੇ ਨਜੀਬ ਗੜ੍ਹ ਰਚਾ। ਮੁਗਲ ਪਠਾਨ ਬੈਰ ਤਬ ਮਚਾ।

ਦੋਹਰਾ-ਮੁਹੰਮਦ ਸ਼ਾਹ ਜਬ ਮਰ ਗਯੋ ਦਿੱਲੀ ਪਰ ਗਯੋ ਰੌਲ।
ਰਹਯੋ ਨਜੀਬਹਿ ਖਾਨ ਔ ਮੁਗਲ ਗਾਜ਼ਦੀਂ ਬੋਲ।

ਚੌ:— ਰੁਹੇਲੇ ਨੇ ਪਠਾਣ ਮੰਗਾਯਾ। ਮੁਗਲਨ ਕੋ ਵਹਿ ਚਾਹਤ ਮਰਾਯਾ।
ਇਤ ਬਿਧਿ ਸਤਿਗੁਰ ਬਾਤ ਬਣਾਵੈਂ। ਤੁਰਕਨ ਤੇ ਇਮ ਤੁਰਕ ਮਰਾਵੈਂ।
ਸਿੰਘਨ ਕੋ ਬਿਚ ਲਗ ਜਯੋ ਦਾਇ। ਮਾਰੈਂ ਤੁਰਕਨ ਕੋ ਸਿੰਘ ਧਾਇ।
ਉਇ ਦੋਊ ਭੀ ਖਾਲਸੇ ਮਾਰੇ। ਖਾਲਸੇ ਉਨ ਦੁਊਅਨ ਕੋ ਗਾਰੇ।

ਦੋਹਰਾ-ਗਾਜਦੀਂ ਸੱਦੇ ਮਰਹਟੇ, ਘੇਰਯੋ ਰੁਹੇਲੋ ਆਇ।
ਤਿਸਤੇ ਅਹਿਮਦ ਸ਼ਾਹਿ ਕਹਿ ਪਠਾਣ ਸੁ ਲਯੋ ਬੁਲਾਇ।

ਚੌ:— ਤਬ ਉਨ ਅਹਿਮਦ ਸ਼ਾਹ ਬੁਲਾਯਾ। ਆਨ ਉਸੇ ਨੇ ਸੋਊ ਛੁਡਾਯਾ।
ਲਹੌਰ ਸ੍ਰਹਿੰਦ ਉਸੇ ਨੇ ਮੱਲੀ। ਛੁਡਾਇ ਲਈ ਮ੍ਰਹਟੇ ਤੇ ਦਿੱਲੀ।



Digitized by Panjab Digital Library | www.panjabdigilib.org

ਗਾਜਦੀਂ ਫੇਰ ਮੂਹਟੇ ਬੁਲਾਏ । ਸੋ ਰੁਹੇਲੇ ਦੇ ਗਿਰਦ ਕਰਵਾਏ ।
ਰੁਹੇਲੇ ਨੇ ਫਿਰ ਸਦੇ ਪਠਾਣ । ਸੋ ਕਰ ਆਯੋ ਕਾਬਲੋਂ ਤਾਣ ।
ਮੀਰ ਮੰਨੂੰ ਕੋ ਸੁਮਤੀ ਭਈ । ਦਿੱਲੀ ਤੇ ਕੁਛ ਮਦਤ ਨ ਅਈ ।
ਆਨ ਕਾਬਲੀ ਸ਼ਾਹਦਰੇ ਪਰਿਓ । ਬਿਚ ਲਹੌਰ ਕੌੜਾ ਮਲ ਅੜਿਉ ।
ਤਿਨ ਸਿਘਨ ਕੋ ਲਿਖਯੋ ਬਨਾਈ । 'ਹਮ ਤੁਮ ਹਿੰਦੂ ਇਕ ਗੁਰਭਾਈ' ।
ਦੀਨ ਮਜ਼ਬ ਕੀ ਬਾਤ ਸੁਨਾਈ । 'ਗਿਲਜਨ ਕੋ ਤੁਮ ਦੇਹੁ ਹਟਾਈ' ।
ਦਯੋ ਖਰਚ ਕੋ ਸਿੱਕਾ ਦਾਰੂ । ਟਕੋ ਦੇਣ ਕੋ ਕੀਓ ਤਿਆਰੂ ।
ਮੀਰ ਮੰਨੂੰ ਤੇ ਦਯੋ ਲਿਖਾਇ । ਸੋ ਭੀ ਘੱਲਯੋ ਸਿੰਘਨ ਕੇ ਪਾਇ ।

ਦੋਹਰਾ-ਇਸ ਗਨੀਮ ਕੋ ਮੋੜਿ ਕੇ ਫਿਰ ਹਮ ਕਰਹੈਂ ਗੱਲ ।
ਆਕੀ ਜੋ ਹਮ ਤੇ ਰਹੈ ਲਯੋ ਮੁਲਕ ਤੁਮ ਮੱਲ ।

ਚੌ:— ਜਬ ਤੇ ਬੰਦੇ ਰੋਕਾ ਪਹਾਰ । ਪੈਸਾ ਨ ਆਯਾ ਤੁਰਕਨ ਬਾਰ ।
ਉਨਗਏ ਖਾਲਸੇ ਸੋਂ ਕਰੀ ਖੁਆਰੀ । ਮੁਲਕ ਮੱਲੋ ਤੁਮ ਸੱਤੇ ਧਾਰੀ ।
ਪੜੋਲ ਕਠੂਹੇ ਬਸੋਹਲੀ ਵਾਰੀ । ਲੇਹੁ ਬਦਲੇ ਤੁਮ ਦੂਣ ਭੀ ਸਾਰੀ ।
ਉਗਰਾਹੀਐ ਪੈਸਾ ਜਿਤੋ ਪੰਜਾਬ । ਹੈ ਪਹਾੜਨ ਮੈਂ ਇਤਨੋ ਤਾਬ ।

ਦੋਹਰਾ-ਸੌ ਸੁ ਸਿੰਘ ਇਕੱਤ੍ਰ ਭਏ ਕਰਕੇ ਸੋ ਅਰਦਾਸ ।
ਡੇਰਾ ਘਣੀਏ ਕੇ ਕੀਆ ਚਲੇ ਕੌੜਾ ਮਲ ਪਾਸ ।

ਚੌ:— ਤਬ ਆਪਸ ਮੈਂ ਸਿੰਘ ਹੀ ਲਰੇ । ਅਪਨੀ ਆਪ ਖੁਆਰੀ ਪਰੇ ।
ਹਰੀ ਸਿੰਘ ਭੰਗੀ ਦਗਾ ਕਮਾਯਾ । ਕੁਸ਼ਾਲ ਸਿੰਘ ਰਾਮਗੜ੍ਹੀਆ ਘਾਯਾ ।
ਸਭ ਸਿੰਘਨ ਨੇ ਮਾਨਯੋ ਬੁਰਾ । ਡੇਰਾ ਭੰਗੀਅਨ ਲੂਟਨ ਕਰਾ ।
ਯਹੈ ਬਾਤ ਭੰਗੀਅਨ ਸੁਨ ਪਾਈ । ਆਗੈ ਭੰਗੀ ਚਲੇ ਪਰਾਈ ।

ਦੋਹਰਾ-ਦਸ ਹਜ਼ਾਰ ਭੰਗੀ ਭਜੇ ਸਿੰਘ ਪੜੇ ਲੈ ਬੀਸ ।
ਇਮ ਕਰ ਏਈ ਸਿੰਘ ਭੇ ਲੜਨੇ ਵਾਲੇ ਤੀਸ ।

ਚੌ:— ਔਰ ਡੇਰਾ ਜਾ ਪਯੋ ਲਹੌਰ । ਸ਼ਾਲਾਮਾਰ ਬਾਗ ਕੇ ਧੌਰ ।
ਸਿੰਘ ਲਹੌਰੀ ਦੁਵਾਜੇ ਆਏ । ਦੇਖੇ ਕਸਾਈ ਗਊ ਫੜਾਏ ।
ਸੋਊ ਸਿੰਘਨ ਨੈ ਦੀਨੇ ਮਾਰ । ਭਈ ਦਰਵਾਜਨ ਮੈਂ ਹੜਤਾਲ ।


ਦੋਹਰਾ-ਪਹਿਰ ਤੀਸਰੇ ਪੀਓ ਸਰਦਾਈ ਸੁੱਖਾ ਸਿੰਘ ਤਖਾਣ ।
ਸ਼ਯਾਮ ਸਿੰਘ ਕੋ ਪਾਲਕੋ ਕੰਬੋ ਮਾੜੀਵਾਨ ।

ਚੌ;— ਤਬ ਤਿਨ ਕਰੀ ਨ ਕਛੂ ਸਲਾਹਿ । ਲੰਘਯੋ ਰਾਵੀ ਗਾਹਣ ਪਾਇ ।
ਤਿਸਕੇ ਪਾਛੇ ਲੰਘੇ ਨਿਹੰਗ । ਨਹਿੰ ਕੀਨੀ ਕਿਨ ਗਿਣਤੀ ਸੰਗ ।



Digitized by Panjab Digital Library | www.panjabdigilib.org

# PUNJAB
## AMRITSAR DISTT.




SCALE

1 : 1,000,000

1 cm = 10 Kilometre

Digitized by Panjab Digital Library | www.panjabdigilib.org

ਨਿਕਟ ਸੁ ਗਿਲਜਨ ਡੇਰੇ ਗਏ । ਝਾੜ ਝਪਾੜਨ ਉਤਰਤ ਭਏ ।
ਰਾਵੀ ਜਲ ਸੁ ਸੁਚੇਤੋ ਕੀਓ । ਉਤਿ ਗਿਲਜਨ ਕੋ ਰੌਲੋ ਥੀਓ ।
ਉਨ ਜਾਨਯੋ ਦਲ ਆਵੈ ਚਲਾ । ਉਹ ਦੇਖਨ ਲਾਗਯੋ ਹੈ ਖਲਾ ।
ਅਹਿਮਦਸ਼ਾਹਿ ਦਿਲ ਖਤਰੇ ਭਯੋ । ਕਿਛੁ ਦਿਲ ਮੈਂ ਤਿਸ ਧੀਰਨਧਰਯੋ ।
ਤੁਰਤ ਘੋੜੇ ਪੈ ਭਯੋ ਸਵਾਰ । ਆਗ ਕੀਨੇ ਦਸਤੇ ਚਾਰ ।
ਕਹਯੋ ਓਨ 'ਹਮ ਪੈ ਹਿੰਦ ਆਈ । ਕਬ ਪਹੁੰਚੇ ਨਠ ਕਾਬਲ ਜਾਈ' ।
ਫੜ ਸ਼ਮਸ਼ੇਰਹਿ ਸਨਮੁਖ ਹੋਯੋ । ਜਾ ਸਿੰਘਨ ਸੋਂ ਮੂਹਰੋ ਢੋਯੋ ।

ਦੋਹਰਾ-ਸਿੰਘ ਸੁ ਥੋੜੇ ਥੇ ਲੰਘੇ, ਰਹੇ ਥੋੜੇ ਡੇਰੇ ਮਾਹਿੰ ।
ਕਿਛੁ ਨੱਠੇ ਕਿਛੁ ਗੈਲ ਗਏ ਚੰਗੇ ਜੋਉ ਗਿਣਾਇੰ ।

ਚੌ:— ਸੁੱਖਾ ਸਿੰਘ ਫੌਜ ਆਵਤ ਜਾਨੀ । ਸੰਗ ਆਪਣੇ ਥੋੜੀ ਮਾਨੀ ।
ਤਬ ਉਨ ਮਨ ਮੈਂ ਕੀਓ ਬਿਚਾਰ । 'ਸਭੀ ਭਾਂਤ ਅਬ ਭਈ ਲਚਾਰ ।
ਜੌ ਮੈਂ ਇਨ ਸੋ ਕਰੋਂ ਲਰਾਈ । ਤੌ ਇਨ ਸੋਂ ਨਹਿੰ ਵਾਰੈ ਆਈ ।
ਇਹ ਆਟਾ ਹਮ ਹਿੱਸਾ ਲੌਣ । ਲੜ ਕੈ ਮਰਨ ਭਲੋ ਕਹਿ ਕੌਣ ।
ਜੇ ਅਬ ਹਮ ਜਾਵੈਂਗੇ ਭਾਜ । ਤੌ ਸਿੰਘਨ ਮੈਂ ਆਵੈ ਲਾਜ' ।
ਬਾਤ ਬੁਰੀ ਤਿਨ ਦੋਊ ਬਿਚਾਰੀ । 'ਮੈਂ ਲਰ ਮਰੋਂ ਸੁਭਲੀ ਬਿਚਾਰੀ' ।

ਦੋਹਰਾ-'ਪਾਛੇ ਪਾਉਂ ਨਾਂ ਪਾਇਓ' ਢਿਗ ਸਿੰਘਨ ਸੋ ਕਹਿ ਦੀਨ ।
'ਇਹਾਂ ਸ਼ਹੀਦ ਹਮ ਹੋਂਹਿਗੇ ਲਰ ਕਰ ਮਜ਼ਬੇ ਦੀਨ' ।

ਚੌ:— ਕਹਯੋ ਸੁਖਾ ਸਿੰਘ ਸਾਥਨਿ ਵਾਰ । 'ਜਿਨ ਜਿੰਦ ਰਖਣੀ ਮੁੜਜਾਹਪਾਰ' ।
ਸਿੰਘਨ ਕਹਯੋ 'ਹਮ ਕਿਮ ਨਠ ਜਾਹੀਂ । ਸਾਥ ਤੁਸਾਡੈ ਸਨਹਿਰੋ ਖਾਹੀਂ ।
ਅਸੀਂ ਸ਼ਹੀਦੀ ਸਾਥ ਕਮਾਵੈਂ । ਸ਼ਾਹੀਦਨ ਜਾ ਮੈਂ ਡੇਰਾ ਪਾਵੈਂ ।
ਜਸਗਓਰੀਓ ਥੋ ਫਫੜ ਹਮਾਰਾ । ਨਹਿੰ ਮੁੜਿਓ ਵਹਿਬਾਲ ਬਿਚਾਰਾ ।
ਪਿਤਾ ਹਮਾਰਾ ਉਨ ਦਯੋ ਮੜੋਯਾ । ਆਇ ਸ਼ਾਮ ਸਿੰਘ ਪਾਸ ਖਲੋਯਾ' ।
ਇਤਨੇ ਮੇਂ ਫੌਜ ਪਹੁੰਚੀ ਆਇ । ਮੁੜ ਸਿੰਘਨ ਦਏ ਘੋੜੇ ਰਲਾਇ ।
ਬੰਦੂਕ ਤੀਰ ਤਲਵਾਰ ਚਲਾਈ । ਆਵਤ ਗਿਲਜੇ ਦਏ ਹਟਾਈ ।
ਖੜ ਕਰ ਲੜੇ ਨ ਆਏ ਚੱਲ । ਚੂਕ ਗਏ ਸਿੰਘ ਯਾ ਤੇ ਗੱਲ ।

ਦੋਹਰਾ-ਇਕ ਦਸਤੋ ਦੀਓ ਮੋੜ ਤਿਨ ਮਗਰੋਂ ਆਯੋ ਚੌਣ ।
ਐਸ ਭਏ ਸੁ ਸਿੰਘ ਭਹਿੰ ਜਿਵ ਆਟੇ ਮੈਂ ਲੌਣ ।
ਸੁਖਾ ਸਿੰਘ ਦਿਲ ਇਮ ਅਈ 'ਜਹਿੰ ਹੋਵੈ ਅਹਮਦ ਸ਼ਾਹਿ ।
ਤਿਸ ਸੋਂ ਹੱਥ ਮੈਂ ਜਾ ਕਰੋਂ ਜੇ ਕੋ ਦਏ ਬਤਾਇ' ।



Digitized by Panjab Digital Library | www.panjabdigilib.org

ਚੌ:— ਸੁੱਖਾ ਸਿੰਘ ਕਛੁ ਅੱਗੇ ਗਯੋ। ਪੂਛਤ ਸ਼ਾਹਿ ਕਿਨ ਨਾਂਹਿ ਬਤਯੋ।
ਸਮਝੇ ਨਹਿੰ ਕੋਊ ਤਿਸਕੀ ਬਾਤ। ਗਰਦ ਗੁਬਾਰ ਹੈ ਪਰ ਗਈ ਰਾਤ।
ਸਿੰਘ ਕੀ ਕਛੁ ਉਹਾਂ ਲਗੀ ਨ ਘਾਤ। ਕਰੈਂ ਗਿਲਜਨ ਪਰ ਸਿੰਘ ਤਹਿੰ ਹਾਥ।
ਮਾਰ ਮਯੋ ਤਹਿ ਭਯੋ ਸ਼ਹੀਦ। ਕਰੀ ਦੇਰ ਉਨ ਹਠ ਸੋਂ ਜੀਦ।

ਦੋਹਰਾ-ਸੁੱਖਾ ਸਿੰਘ ਉਹਾਂ ਮੁਯੋ ਫੌਜ ਮੁੜੀ ਸੁ ਤਰਫ ਲਹੌਰ।
ਅਗੇ ਸ਼ਲਕ ਲਹੌਰੀਅਨ ਦਈ ਸਿੰਘਨ ਪਰ ਜੋਰ।

ਚੌ:— ਜਬ ਦੋਵੱਲ ਸਿੰਘਨ ਭਈ ਮਾਰੀ। ਤਬ ਖਾਲਸੇ ਕੋ ਭਈ ਖੁਆਰੀ।
ਤਬ ਖਾਲਸੰ ਆਇ ਡੇਰੇ ਅੜਾ। ਰਾਤ ਪੁਵਾਈ ਹੋਕੇ ਖੜਾ।

ਦੋਹਰਾ-ਰਾਤ ਪੜੀ ਸਿੰਘ ਸਭਨ ਗਨ ਕੀਓ ਡੇਰੋ ਮਾਝੈ ਵੱਲ।
ਤੁਰਕ ਦੋਊ ਬੇਈਮਾਨ ਹੈਂ ਲੁੱਟ ਖਾਹੋ ਦੋਊਅਨ ਰੱਲ :



Digitized by Panjab Digital Library | www.panjabdigilib.org

# ਮਤਾਬ ਸਿੰਘ ਤੇ ਰਾਇ ਸਿੰਘ ਮੀਰਾਂਕੋਟੀਏ ਭੰਗੂ ਕੀ ਸਾਖੀ

[ਮਤਾਬ ਸਿੰਘ ਸੁੱਖਾ ਸਿੰਘ ਨੇ ਮੱਸੇ ਦਾ ਸਿਰ ਵੱਢਣਾ]

ਦੋਹਰਾ-ਸੁਨੋਂ ਸੁ ਪੌਰਖ ਖਾਲਸੇ ਜਿਮ ਥੋੜਨ ਬਹੁਤੇ ਜੀਤ ।
ਹਮਰੇ ਦਾਦੇ ਥੋ ਕੀਓ ਮਰਨ ਧਰਮ ਧਰ ਚੀਤ ।
ਨ੍ਵਾਬ ਸੁ ਖਾਨ ਬਹਾਦੁਰ ਸਿੰਘਨ ਪਰ ਕੀਓ ਜ਼ੋਰ ।
ਇਮ ਮੁਲਖੱਯਨ ਬੁਲਾਇਕੈ ਲਿਖਿਓ ਵਿੱਚ ਲਹੌਰ ।

ਚੌ:—'ਜੋ ਸਿੰਘਨ ਕੋ ਕੋਊ ਲੁਕਾਵੈ । ਸੋ ਵਹਿ ਅਪਨੀ ਜਾਨ ਗੁਵਾਵੈ ।
ਆਏ ਸਿੰਘ ਬਤਾਵੈ ਨਾਂਹੀ । ਵੈ ਭੀ ਅਪਨੀ ਜਿੰਦ ਗੁਵਾਹੀ ।
ਜੋ ਸਿੰਘਨ ਕੋ ਸਾਕ ਕਰੇਵੈ । ਮੁਸਲਮਾਨ ਸੁ ਹੋਵਨ ਲੇਵੈ ।
ਸਿੰਘਨ ਕੋ ਜੋ ਦੇਵੈ ਅਨਾਜ । ਮੁਸਲਮਾਨ ਕਰੋਂ ਤਿਸ ਕਾਜ ।

ਦੋਹਰਾ-ਐਸੈ ਐਤੇ ਹੁਕਮ ਕਰ ਦੀਨੇ ਲੋਕ ਡਰਾਇ ।
ਕਈਅਨ ਕੋ ਸਿਰੋਪਾਉ ਦੀਉ, ਮੁਸਲਮਾਨ ਬਨਾਏ ।

ਚੌ:—ਤਬ ਸਿੰਘਨ ਕੋ ਲੋਕ ਬਤਾਵੈਂ । ਕਈਅਕ ਅਪਨੇ ਹੱਥ ਫੜਾਵੈਂ ।
ਕਈਕੁ ਦੇਵੈਂ ਆਪ ਹੀ ਮਾਰ । ਸਿੰਘਨ ਕੋ ਹੋਇਓ ਐਸ ਹਵਾਲ ।
ਸਿੰਘਨ ਮਾਰ ਦਿਖਾਵੈਂ ਤੁਰਕ । ਅਨਾਮ ਸੁ ਪਾਵੈਂ ਬਹੁਤੋ ਮੁਰਕ ।
ਮੁਲਖੱਯਨ ਸਿੰਘਨ ਸੋਂ ਬੈਰ ਕਮਾਵੈਂ । ਸਿੰਘ ਭੀ ਉਨਕੋ ਮਾਰ ਮੁਕਾਵੈਂ ।
ਲਰਤ ਮਰਤ ਕਹੂੰ ਲੁਕ ਛਪ ਰਹੈਂ । ਦੁਸ਼ਟ ਤੁਰਤ ਜਾਇ ਤੁਰਕਨ ਕਹੈਂ ।
ਤਹਿੰ ਸੁਨ ਤੁਰਕ ਤੁਰਤ ਚੜ੍ਹ ਆਵੈਂ । ਤਾਸ ਗ੍ਰਾਮ ਕੀ ਧੂੜ ਉਡਾਵੈਂ ।
ਗ੍ਰਾਮ ਛੋਡ ਜੋ ਉਜਾੜਨ ਰਹੈਂ । ਗਿਰਦੇ ਗ੍ਰਾਮ ਉਜਾੜਨ ਰਹੈਂ ।
ਤਬ ਸਿੰਘਨ ਕੋ ਭਯੋ ਤਰਾਸ । ਸਿੰਘਨ ਵਤਨੋਂ ਛੋਡਯੋ ਵਾਸ ।
ਕੋਊ ਜੰਗਲ ਦੱਖਨ ਰੁੱਕੇ । ਕੋਊ ਪੂਰਬ ਪਹਾੜਨ ਲੁੱਕੇ ।
ਰਹੇ ਦੇਸ਼ ਮਹਿੰ ਸੋ ਅਤਿ ਦੁਖੀ । ਬਾਜ ਦੇਸ਼ ਜਯੋਂ ਬਟੇਰਨ ਔਖੀ ।

ਦੋਹਰਾ-ਦਾਦਾ ਹਮਾਰੋ ਨਿਕਰ ਕੇ ਜੈ ਘਰ ਪਹੁੰਚਯ ਜਾਇ ।
ਰਾਜੇ ਸੋਂ ਮੁਲਾਕਾਤ ਕਰ ਲਈ ਚਾਕਰੀ ਲਾਇ ।



Digitized by Panjab Digital Library | www.panjabdigilib.org

ਚੌ:—ਇਹ ਸੁਨ ਸਿੰਘ ਔਰ ਤਹਿੰ ਗਏ । ਮਤਾਬ ਸਿੰਘ ਤਿਨ ਬਚਨ ਇਉਂ ਕੀਏ ।
'ਦੇਹੁ ਬਤਨ ਹਮ ਬਾਤਾ ਸੁਨਾਏ । ਕਹਿੰ ਕਹਿੰ ਤੁਰਕਨ ਡੇਰੇ ਲਾਏ ?'
ਸਿੰਘ ਕਹਯੋ 'ਕਛੁ ਪੂਛ ਨਾ ਬਾਤ । ਜਿਮ ਤੁਰਕਨ ਨੇ ਕੀਨੋ ਘਾਤ ।
ਮੁਖੋਂ ਕਹੌਂ ਮੁਖ ਫਟਤਾ ਜਾਵੈ । ਕੰਨੋਂ ਸੁਨੋਂ ਤੋ ਕੰਨ ਦੁਖਾਵੈ ।
ਬਾਤ ਚੀਰਤੀ ਛਾਤੀ ਜਾਵੈ । ਨਾ ਕਹੀਏ ਮਨ ਮੋਂ ਨਾ ਸਮਾਵੈ ।
ਸਰਪ ਚਕੂੰਧਰ ਕੀ ਭਈ ਬਾਤ । ਉਗਲਤ ਬਨੇ ਨ ਜਾਇਓ ਖਾਤ ।

ਦੋਹਰਾ-ਕੀਓ ਉਪੱਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦ੍ਵਾਰ ।
ਹਰਿਮੰਦਰ ਮੇਂ ਕੰਚਨੀ ਰਖੇ ਤੁਰਕਨ ਕੇ ਸਰਦਾਰ ।
ਮੰਡਿਆਲੀ ਕੋ ਰੰਘੜੋ ਮੱਸਾ ਤਾਂਕੋ ਨਾਮ ।
ਕਰੇ ਬਿਅਦਬੀ ਹਰਿਮੰਦਰਜੀ ਪਾਪੀ ਬਡੋ ਹਰਾਮ' ।

ਚੌ:—ਮਤਾਬ ਸਿੰਘ ਸੁਨ ਗੁੱਸਾ ਖਾਯਾ । ਜਿਉਂ ਹੋਇ ਬਿਛੂ ਡੰਗ ਲਗਾਯਾ ।
ਕਹਯੋ ਕੂਕ 'ਉਹਾਂ ਸਿੰਘ ਕੋ ਨਾਹੀਂ । ਰੰਘੜ ਕੋ ਸੀਸ ਨ ਤੋੜਯੋ ਤਾਂਹੀ ।
ਕੀ ਸਿੰਘਨ ਤੇ ਸੱਤਯਾ ਗਯੋ ਦੂਰ । ਕੀ ਸਿੰਘਨ ਪੁਰਖਾਰਥ ਭਯੋ ਚੂਰ ਚੂਰ ।
ਸੁਨਤ ਉਸ ਸਿੰਘ ਬਚਨ ਪਲਟਾਯੋ । 'ਕਯਾ ਤੈਂ ਨਠ ਨਹਿੰ ਪੌਰਖ ਗਵਾਯੋ ?
ਮਰਨੇ ਕੇ ਡਰ ਤੁਮ ਨੱਠ ਆਏ । ਔਰਨ ਦੇਤ ਉਲਾਂਭਾ ਕਾਹੇ ?
ਤੁਮ ਭਜਿ ਤੁਰਕਨ ਤੋਂ ਪ੍ਰਾਨ ਬਚਏ । ਤੁਮਰੇ ਜੈਸੇ ਸਭ ਉਇ ਭਏ ।
ਮਰਨੋਂ ਡਰਿ ਕੇ ਸਭ ਨਠਿ ਗਏ । ਊਹਾਂ ਸਿੰਘ ਕੋ ਨਜ਼ਰ ਨ ਪਏ ।
ਊਹਾਂ ਸਿੰਘ ਕੋ ਸੁਨੀਅਤ ਨਾਂਹੀ । ਮਸਖਰੀ ਹੋਤ ਸਿੰਘ ਨਾਮ ਕੇ ਤਾਈਂ ।
ਨਵਾਬ ਪੰਥ ਸਭ ਦੀਓ ਖਪਾਈ । ਸਿੰਘ ਸੁਨੀਅਤ ਕਹੂੰ ਜਗ ਮੈਂ ਨਾਂਹੀ' ।
ਜੋ ਸਿੰਘ ਨਿਤ ਉਠ ਜੰਗ ਮਚਾਹੀਂ । ਨਾਮ ਖਾਲਸਾ ਸਿੰਘ ਜਪਾਹੀਂ ।
ਜੋ ਸਿੰਘ ਨਿਤ ਉਠ ਸ਼ਬਦ ਉਚਾਰੈਂ । ਲੂਟ ਕੂਟ ਨਿਤ ਤੁਰਕਨ ਮਾਰੈਂ ।
ਜਪ ਤਪ ਸੰਜਮ ਨੇਮ ਕਰਾਵੈਂ । ਅਕਾਲ ਅਕਾਲ ਕਹਿ ਸੀਸ ਚੜ੍ਹਾਵੈਂ ।
ਅਬ ਹੈਂ ਤੁਮ ਸੇ ਊਹਾਂ ਸਿੰਘ । ਗਏ ਨੱਠ ਕਰ ਲੰਬੀ ਡਿੰਘ' ।

ਦੋਹਰਾ-ਯਹ ਸੁਨ ਸਿੰਘ ਜੀ ਚੁੱਪ ਲਗੀ ਜਾਨੁ ਕਰ ਬਿੱਛੂ ਡੰਗ ।
ਤਨ ਮਨ ਅਚਬੀ ਬਹੁ ਲਗੀ ਚਿਤ ਧਾਰਯੋ ਮਰਨ ਨਿਸੰਗ ।

ਸੋਰਠਾ-ਮਾੜੀ ਕੰਬੋਕੇ ਵਾਲੇ ਸੁੱਖਾ ਸਿੰਘ ਤ੍ਰਿਖਾਨ ਥੋ ।
ਮਤਾਬ ਸਿੰਘ ਕੇ ਨਾਲ ਪੜਯਾ ਦੂਜੋ ਸਿਦਕ ਕਰ ।

ਚੌ:—ਉਠ ਕਰ ਸਿੰਘ ਜੀ ਫਤਹਿ ਬੁਲਾਈ । ਚਰਨ ਛੋਹੇ ਸਿੰਘ ਆਗਯਾ ਪਾਈ ।
'ਹਮ ਮਾਰੇਂ ਜਾਇ ਤੁਰਕਨ ਤਾਂਈ । ਚਰਨ ਛੁਹੋਂ ਮੈਂ ਖਾਲਸੇ ਆਈ ।
ਜੇ ਕਰ ਸੀਸ ਲਗੇ ਗੁਰ ਅਰਥ । ਧੰਨ ਜਨਮ ਧੰਨ ਮਰਣ ਸਮਰਥ ।
ਤੁਰਕਨ ਲਰਨੈ ਮਰਨੋਂ ਡਰੈ । ਧ੍ਰਿਕ ਤਿਸ ਜਨਨੀ ਧ੍ਰਿਕ ਪਿਤ ਕਰੇ ।



Digitized by Panjab Digital Library | www.panjabdigilib.org

ਦੋਹਰਾ-ਮਰਨੇ ਤੇ ਕਜਾ ਡਰਪਨਾ ਲੈ ਪਾਹੁਲ ਖੰਡੇ ਧਾਰ ।
ਜਬ ਹਾਥ ਸਿੰਧੌਰਾ ਲੈ ਤੁਰੇ ਮਰਨੋਂ ਡਰੇ ਨ ਨਾਰ ।

ਚੌ:—ਕ੍ਰਮ ਕ੍ਰਮ ਕਰ ਸਿੰਘ ਮੀਰਕੋਟ ਆਏ । ਅੰਮ੍ਰਿਤਸਰ ਢਿਗ ਫਿਰਨ ਨ ਪਾਏ ।
ਕਰੀ ਸੋਚ 'ਕਛੁ ਜਤਨ ਕਮਾਈਏ । ਟਕੇ ਭਰਨ ਕੋ ਰੂਪ ਬਨਾਈਏ' ।

ਦੋਹਰਾ-ਸਿੰਘ ਕਹੈਂ 'ਹਮ ਜਿਮ ਪੁਜੈਂ ਕ੍ਰਪੀ ਸਤਿਗੁਰ ! ਬਾਤ ਬਨਾਉ ।
ਜਾਇ ਮੱਸੇ ਕੋ ਸਿਰ ਕਟੇਂ ਨਹਿੰ ਰਸਤੇ ਹੁਇ ਅਟਕਾਉ' ।

ਚੌ:—ਸੋਊ ਸਤਿਗੁਰ ਬਿਧੀ ਬਨਾਈ । ਸਿਖਰ ਦੁਪਹਿਰੀ ਮੈਂ ਬਣਿ ਆਈ ।
ਵਗੀ ਪਵਨ ਬਹੁ ਘਟਾ ਉਡਾਨਾ । ਇਮ ਕਰ ਲੀਨੋ ਮੁੱਖ ਛਿਪਾਨਾ ।

ਦੋਹਰਾ-ਸ਼ਿਖਰ ਦੁਪਹਿਰੀ ਭਾਦਵੇ ਸੂਰਜ ਅਤਿ ਤਪਤਾਇ ।
ਕਦੀ ਬਰਸੈ ਕਦੀ ਧੁੱਪ ਚੜ੍ਹੇ ਬਿਧ ਐਸੀ ਲਈ ਤਕਾਇ ।

ਚੌ:— ਧੁਪ ਲਗੀ ਫੌਜ ਛਾਵੈਂ ਗਈ । ਕਿਛ ਵਰਖਾ ਕਾਰਨ ਡੇਰਨ ਵੜ ਗਈ ।
ਮੱਸੇ ਸਾਰੰਗ ਰਾਗ ਗਵਾਯਾ । ਬਿਚੈ ਮਲਾਰਹਿ ਰਾਗ ਅਲਾਇਆ ।

ਦੋਹਰਾ-ਕੋ ਸੁੱਤੇ ਕੋ ਜਾਗਤੇ ਕਿਨ੍ਹੇ ਨ ਲਖਿਓ ਭੇਦ ।
ਦ੍ਵਾਜੇ ਦੁਸ਼ਨੀ ਜਾ ਢੁਕੇ ਉਤਰੇ ਤਹਿੰ ਬਿਨ ਖੇਦ ।

ਚੌ:—ਦੋਹੀਂ ਪਾਸੀਂ ਦੁਇ ਘੋੜੇ ਲਾਏ । ਦੀਨੇ ਬਰਛੇ ਤਹਾਂ ਛਪਾਏ ।
ਬਗਲਨ ਮਹਿੰ ਤਲਵਾਰ ਲਕੋਈ । ਜਿਮ ਕਰ ਨਾਂਹੀਂ ਟੋਕੇ ਕੋਈ ।
ਕੋ ਜਾਨੈ ਕੋ ਅਏ ਸਿਪਾਹੀ । ਮਾਲ ਲਿਆਏ ਕਰ ਉਗਰਾਹੀ ।
ਕਿਛ ਬਾਜੈ ਕਿਛ ਗਾਜੈ ਪਰੇ । ਔਰ ਦੇਖਹਿੰ ਬਹੁ ਨਟਨੀ ਖਰੇ ।
ਸਿੰਘਨ ਕੋ ਤਹਿੰ ਲਗ ਗਯੋ ਦਾਵ । ਸਿੰਘਨ ਸ਼ਿਤਾਬੀ ਚੁੱਕਯੋ ਪਾਵ ।
ਸਤਿਗੁਰ ਅਪਨੋ ਕਾਜ ਸੁਵਾਰੇ । ਉਇ ਕਰ ਦੀਨੇ ਦਿਸ਼ਟ ਅੰਧਾਰੇ ।

ਦੋਹਰਾ-ਦੋਊ ਸਿੰਘ ਤਹਿੰ ਜਾ ਪੁਜੇ ਜਹਿੰ ਬਾਜੈ ਮਿਰਦੰਗ ।
ਕੱਢ ਸਿਰੋਹੀ ਸ਼ੀਸ ਕਟਿਓ ਮੱਸੇ ਕੋ ਨਿਰਸੰਗ ।

ਚੌ:—ਮੱਸੇ ਕੋ ਇਮ ਸੀਸ ਉਡਾਇਓ । ਜਨ ਕਰ ਬੇਲੋਂ ਕੱਦੂ ਲਾਹਿਓ ।
ਹੁਤੋ ਜੁ ਗਹਿਣੇ ਮੱਸੇ ਪਾਏ । ਦੂਜੇ ਸਿੰਘ ਸੋ ਝੱਟਪਟ ਲਾਹੇ ।
ਰੌਲਾ ਪਇਓ ਤਹਾਂ ਅਤਿ ਭਾਰੀ । ਫਿਰ ਘੋੜਨ ਚੜ੍ਹ ਕਰੀ ਸਵਾਰੀ ।
ਛੋੜ ਸੁ ਘੋੜੇ ਰਲ ਗਏ ਝੱਲ । ਇਸ ਬਿਧਿ ਭਈ ਮੱਸੇ ਕੀ ਗੱਲ ।
ਕਿਤਿਕ ਦੇਰ ਕਰ ਰੌਲਾ ਭਯੋ । ਸ਼ਿਖਰ ਦੁਪਹਿਰੀ ਸੁਨਤ ਕਿਛੁ ਦਯੋ ।
ਥੀ ਪਹਿਲੋਂ ਕਿਨ ਕਾਠੀ ਨ ਪਾਈ । ਉਨ ਮਨ ਚਿੰਤਾ ਥੀ ਨਹੀਂ ਕਾਈ ।

ਰਹਿਤ ਹੁਤੀ ਤਿਹ ਬਹੁਤੀ ਫੌਜ। ਰਹੇ ਬਹੁਤ ਗਾਫਲ ਕਰ ਮੌਜ।
ਅਲਸਾਨੇ ਦੋਪਹਿਰੇ ਮਾਂਹਿ । ਨੀਂਦ ਦਬਾਏ ਫਿਰੈਂ ਤਹਾਂਹਿ।

ਦੋਹਰਾ-ਕਾਠੀ ਪਾਇ ਹਥਤਾਰ ਲੈ ਤੌਂ ਲੌਂ ਸਿੰਘ ਗਏ ਦੂਰ।
ਮਾਰਯੋ ਸੁਨ ਫੁਜਦਾਰ ਕੋ ਸਾਰੇ ਦੁਖੀ ਜ਼ਰੂਰ।

ਚੌ:—ਜੈ ਜੈ ਕਾਰ ਸਿਖਨ ਮਨ ਭਯੋ । ਦੁਸ਼ਟਨ ਮਨ ਬਹੁ ਦੁਖ ਸੰਤਯੋ।
ਮੱਸੇ ਕੋ ਜੁ ਹੁਤੋ ਪਰਵਾਰ । ਲਹੌਰ ਜਾਇ ਤਿਨ ਕਰੀ ਪੁਕਾਰ।
'ਹਮਰੇ ਖੂਨੀ ਪਕੜ ਮੰਗਾਵੌ । ਟੂਕ ਟੂਕ ਕਰ ਤਿਨ ਕੋ ਕਟਵਾਵੋ।
ਨਾਤਰ ਹਮ ਜਾਵੈਂਗੇ ਦਿੱਲੀ। ਕਰੀ ਨਵਾਬੀ ਤੁਮ ਨੇ ਢਿੱਲੀ'।
ਜਬ ਨਬਾਬ ਨੇ ਯੋਂ ਸੁਨ ਪਾਯੋ। 'ਸਿੰਘਨ ਮੱਸਾ ਮਾਰ ਗੁਵਾਯੋ।
ਪਰੇ ਬਾਜ ਸਮ ਸਿੰਘ ਅਸਮਾਨੋਂ । ਆਵਤ ਜਾਵਤ ਕਿਨੈਂ ਨ ਜਾਨੋਂ।
ਕਿਨੈਂ ਨ ਜਾਨੋਂ ਵਹਿ ਕਹਾਂ ਰਹੇ। ਕਿਨੈ ਨ ਜਾਨਯੋ ਵਹਿ ਕਹਾਂ ਗਏ।
ਐਸੀ ਸੁਨ ਨਵਾਬ ਥਰਥਰਾਵੈ। ਮਛਲੀ ਜਲ ਬਿਨ ਜਿਮ ਥਰਥਰਾਵੈ।
ਕਹੇ 'ਮੰਗਾਵੋ ਪਰਜਾ ਸਾਰੀ । ਚੌਧਰੀ, ਪੰਚ ਔਰ ਦਰਬਾਰੀ।
ਸੱਦੋ ਹਮ ਤੇ ਖਾਹਿੰ ਜ਼ਗੀਰ । ਅਬ ਉਨਕੋ ਕਰ ਦੇਹੁ ਤਗੀਰ।
ਨਿਰੰਜਨੀਆਂ ਹਰ ਭਗਤ ਬੁਲਾਇਆ। ਕਰਮਾ ਛੀਨਾਂ ਸਾਥੇ ਆਇਆ।
ਰਾਮਾ ਰੰਧਾਵਾ ਸੱਦ ਮੰਗਾਯਾ । ਜੋਧ ਨਗਰੀਏ ਨੂੰ ਫੁਰਮਾਯਾ।
ਬਿਨ ਬੁਲਾਏ ਮਜੀਠੀਏ ਆਏ । ਥੇ ਇਨ ਸਿੰਘਨ ਬਹੁਤ ਅਕਾਏ।
ਕਹਿੰ ਲੌ ਸਭ ਹੀ ਲੋਕ ਲਿਖਈਏ । ਅਪਨੇ ਗਿਰਦੇ ਸੌਊ ਗਿਨਈਏ।

ਦੋਹਰਾ-ਕਹਯੋ ਸੁ ਸਭਨ ਬੁਲਾਇਕੈ 'ਪੈਦਾ ਉਸੇ ਕਰੇਹੁ।
ਮੱਸਾ ਮਾਰਯੋ ਜਿਨ ਸਿੰਘਨ ਆਨ ਸੁ ਹਮ ਕੋ ਦੇਹੁ।

ਚੌ:—ਨਹੀਂ ਤੋ ਤੁਮ ਕੋ ਸਾਥ ਮਿਲਾਊਂ । ਤੁਮਰੀ ਭੀ ਹਮ ਜਾਨ ਗੁਵਾਊਂ।
ਸਿੰਘ ਨ ਕੋ ਜੁੰਮਾ ਤੁਮ ਕੀਆ। ਤੁਮ ਕਹੋ—ਸਿੰਘ ਹਮ ਰਹਿਨ ਨ ਦੀਆ।
ਜਹਾਂ ਰਹੈਂ ਸਿੰਘ ਹਮੈਂ ਬਤਾਵੋ । ਤਿਸ ਜਾਗਾ ਕੀ ਮਿੱਟੀ ਪੁਟਾਵੋ।
ਰਹੈ ਸਿੰਘ ਜਿਸ ਨਗਰੀ ਮਾਂਹੀ। ਕਰੋਂ ਕਤਲ ਕਛੁ ਢੀਲ ਨ ਲਾਹੀ।

ਦੋਹਰਾ-ਜੋਊ ਬਤਾਵੈ ਸਿੰਘ ਕੋ ਨਾਮ ਧਾਮ ਔ ਗ੍ਰਾਮ।
ਦੇਵੈ ਤਿਸੈ ਫੜਾਇ ਜੋ ਪਾਵੈ ਘਨੋ ਇਨਾਮ'।

ਚੌ:—ਹਰਿਭਗਤ ਨਿਰੰਜਨੀ ਐਸੀ ਕਹਯੋ। 'ਮਤਾਬ ਸਿੰਘ ਇਕ ਭੰਗੂ ਭਯੋ'।
ਮੀਰਾਂ ਕੋਟ ਦੱਸਿਓ ਉਸ ਗ੍ਰਾਉਂ । 'ਅੰਮ੍ਰਿਤਸਰ ਤੇ ਤ੍ਰੈ ਕੋਹ ਥਾਉਂ।
ਮੀਰ ਸਕੁੰਬਰ ਅਲੀ ਕੀ ਜਗੀਰ । ਸ਼ਾਹ ਦਈ ਕਰ ਅਪਨੋ ਪੀਰ'।
ਨਵਾਬ ਸੁ ਸੱਯਦ ਲਯੋ ਬੁਲਾਇ । ਸਾਥੈ ਦੀਨੋਂ ਉਸੈ ਚੜ੍ਹਾਇ।
'ਤੁਮਰੋ ਪਿੰਡ ਕਰ ਕਤਲ ਨ ਕਰੋਂ। ਸਿੰਘ ਰਾਖਨ ਤੇ ਤੁਮ ਨ ਟਰੋ।



Digitized by Panjab Digital Library | www.panjabdigilib.org

ਦੋਹਰਾ-ਫੌਜ ਜਾਇ ਪਿੰਡ ਘੇਰਓ ਸੱਯਦ ਕਛੁ ਨ ਬਸਾਇ।
ਨੱਥਾ ਖਹਿਰਾ ਪੈਂਚ ਥੋ ਲੀਨੋ ਸੋਉ ਫੜਾਇ।

ਚੌ:—ਨੂਰਦੀਨ ਥੋ ਫੌਜ ਸਰਦਾਰ । ਤਿਸਨੇ ਐਸੋ ਕੀਓ ਉਚਾਰ।
'ਤੁਮਰੀ ਜਾਨ ਛੂਟਤੀ ਨਾਂਹੀ। ਬਿਨ ਮਤਾਬ ਸਿੰਘ ਲਯਾਇ ਯਹਾਂ ਹੀ।
ਮਤਾਬ ਸਿੰਘ ਕੋ ਕੀਜੇ ਹਾਜ਼ਰ। ਬਚੈ ਨ ਸੋ ਜੋ ਰਖੈ ਲੁਕਾ ਕਰ।
ਤਬ ਨੱਥੇ ਨੇ ਉਸ ਕੋ ਕਹੀ। 'ਮਤਾਬ ਸਿੰਘ ਅਬ ਹਾਜ਼ਰ ਨਹੀਂ'।
ਜਾਨ ਹਮਾਰੀ ਹਾਜ਼ਰ ਆਹੀ। ਹਮ ਕੋ ਮਾਰੋ ਰਾਖੋ ਚਾਹੀ।
ਨੂਰਦੀਨ ਨੇ ਫਿਰ ਯੌਂ ਕਹਯੋ। 'ਲਯਾਇ ਪੁਤ੍ਰ ਤਿਸ ਜੈ ਚਹੈਂ ਤੂ ਜੀਓ'।
ਤਬ ਨੱਥੈ ਨੇ ਕੀਓ ਤਕਰਾਰ। 'ਲਯਾਊਂ ਟੋਲ ਜੁ ਦੇਂ ਨਹੀਂ ਮਾਰ।
ਓਨ ਭਾਖਯੋ 'ਵਹ ਜੀਵਤ ਆਹੀ। ਬਚੈ ਉਲਾਦ ਖੂਨੀ ਸਿੰਘ ਕੀ ਕਾਹੀ।
ਬਾਲਕ ਪੈ ਨੱਥਾ ਤਬ ਗਯੋ । ਦੇਖ ਬਾਲਕੇ ਅਪਨ ਸੀਸ ਹਿਲਯੋ।
'ਮੈਂ ਜੋ ਬਾਲਕ ਦੇਊਂ ਫੜਾਇ। ਬਾਲਕ ਤੁਰਤ ਦੇਹਿੰਗੇ ਘਾਇ।

ਦੋਹਰਾ-ਫੜਾਇ ਮਰਾਵਾਂ ਬਾਲ ਕੋ ਬਿਚ ਪੰਚਾਂ ਮਿਲੈ ਨ ਥਾਉਂ।
ਮਾਂਗੈ ਸਿੰਘ ਨਿਜ ਪੁਤ੍ਰ ਕੋ ਦਰਗਹਿ ਕਲੰਕ ਲਗਾਉਂ'।

ਚੌ:—ਤਬ ਨੱਥੇ ਨੇ ਐਸ ਉਚਾਰਾ । 'ਬਾਲਕ ਕੇ ਸੰਗ ਮਰਨਾ ਧਾਰਾ।
ਰਹੈ ਉਲਾਦ ਜਗਤ ਮੈਂ ਮੇਰੀ । ਸ਼ੋਭਾ ਪਾਊਂ ਜਗਤ ਭਲੇਰੀ'।

ਦੋਹਰਾ-ਬਾਲਕ ਨੱਥੇ ਕੰਧੋ ਧਰਯੋ ਪੀਛੋ ਕੰਧ ਟਪਾਇ।
ਪੰਜ ਪੁਰਖ ਤਿਸ ਸੰਗ ਚਲ ਪਏ ਬਰਵਾਲਾ ਰਾਹਿ।
ਸਕਾ ਪੁੱਤ੍ਰ ਅਰੁ ਭਾਨਜਾ, ਚੂਹੜਾ, ਸੰਗ ਦਰਵਾਨ।
ਸਿਖਰ ਦੁਪਹਿਰੀ ਟੀਟ ਮੈਂ ਲੰਘ ਗਏ ਇੱਕ ਮਦਾਨ।

ਚੌ:—ਹਰ ਭਗਤ ਨਿਰੰਜਨੀਏ ਇਹ ਸੁਨ ਪਾਈ। 'ਨੱਥਾ ਗਯੋ ਸੁ ਕੰਧ ਟਪਾਈ'।
ਤੁਰਤ ਦੌੜ ਉਨ ਚੁਗਲੀ ਖਾਈ । 'ਗਯੋ ਨੱਠ ਆਯੋ ਜਿਹ ਤਾਈ'।
ਸੋ ਨਠ ਗਏ ਨ ਰਹਿਗੂ ਹਮਾਰੀ। ਚੜ੍ਹੋ ਤੁਰਤ ਤਿਸ ਲਈਏ ਮਾਰੀ'।
ਸੁਨਤ ਫੌਜ ਤੁਰਤਹ ਚੜ੍ਹ ਪਈਉ। ਪਹਿਲੇ ਪੜਾਓ ਹੀ ਜਾ ਘੇਰ ਲਈਓ।

ਦੋਹਰਾ-ਤਬ ਨੱਥੇ ਨੇ ਪੁਨ ਕਹਯੋ ਸਾਥੀਅਨ ਕੋ ਸਮਝਾਇ।
'ਤੁਮ ਰਾਇ ਸਿੰਘ ਕੋ ਲੈ ਨਠੋ ਮੈਂ ਰਾਖੋਂ ਫੌਜ ਅਟਕਾਇ'।

ਚੌ:—ਨੱਥੇ ਕਹਯੋ 'ਪੁੱਤ੍ਰ ! ਤੁਮ ਨਠ ਜਾਵੋ । ਇਸ ਬਾਲਕ ਕੋ ਕੰਧੇ ਚੜ੍ਹਾਵੋ।
ਜੇ ਤੁਮ ਬਾਲਕ ਅਬ ਤਜ ਜਾਵੋ । ਤੌ ਅਤਿ ਨਿੰਦਾ ਜਗਤ ਮੈਂ ਪਾਵੋ।
—ਜਾਂਕੀ ਖਾਤਰ ਨੱਠ ਕਰ ਮਰੇ। ਅੰਤ ਕਾਲ ਤਿਸ ਛਡ ਗਏ ਖਰੇ।
ਮੈਂ ਈਹਾਂ ਰੋਕ ਫੌਜ ਸੁ ਲੜੋਂ। ਤੁਮ ਕਿਤ ਜਾਇ ਗਾਉਂ ਮੈਂ ਵੜੋ।



Digitized by Panjab Digital Library | www.panjabdigilib.org

ਇਸ ਬਾਲਕ ਕੋ ਦਿਹੈ ਲੁਕੇਇ । ਪਾਛੈ ਤੁਮ ਸਿਰ ਹੋਗਿ ਸੁ ਹੋਇ ।
ਇਸ ਕਾ ਪਿਤਾ ਸੌਂਪ ਹਮ ਗਯੋ । ਤਿਸ ਖਾਤਰ ਹਮ ਮਰਨੋਂ ਭਯੋ' ।

ਦੋਹਰਾ-ਤਿਸ ਕੇ ਪੁੱਤਰ ਤਬ ਕਹ੍ਯੋ 'ਹਮ ਨਠ ਬਚੈਂ ਸੁ ਨਾਹਿੰ ।
ਮੌਤ ਆਈ ਹਮ ਸੀਸ ਪੈ ਕਿਮ ਕਰ ਲੁਕੈਂ ਛਿਪਾਹਿੰ' ।

ਚੌ:—ਤਬ ਲਗ ਫੌਜ ਲਏ ਵੋਹ ਘੇਰ । ਮਾਰੀ ਬੰਦੂਕਨ ਕਰੀ ਨਾ ਦੇਰ ।
ਤਬ ਤੇ ਜੱਟ ਮੁੜੇ ਕਰ ਹੂਰ । ਕਰੇ ਮੁਗਲ ਤਬ ਆਪਨ ਤੇ ਦੂਰ ।

ਦੋਹਰਾ-ਤਬ ਮੁਗਲਨ ਨੇ ਯੌਂ ਕਹ੍ਯੋ ਰੰਗੜਨ ਕੋ ਸੁ ਬੁਲਾਇ ।
'ਲੇਵੋ ਬਦਲੋ ਅਬ ਤੁਮੀ ਮੱਸੈ ਕੇ ਜੁ ਭਰਾ' ।

ਚੌ:—ਤਬ ਫਿਰ ਰੰਗੜਨ ਹੱਲਾ ਕੀਆ । ਦੂਰ ਦੂਰ ਕਰ ਫੇਰਾ ਦੀਆ ।
ਜੱਟਨ ਕੀ ਕਿਛ ਲਗੇ ਨ ਵਾਹਿ । ਨਹਿੰ ਹਥਜਾਰ ਕੋਈ ਜੱਟਨ ਪਾਹ ।
ਇਕ ਪਹਿ ਬਰਛੀ ਇਕ ਪਹਿ ਸੇਲ । ਦੇਵੈਂ ਰੰਘੜਨ ਛਾਤੀ ਪੇਲ ।
ਹਾਥ ਚੂਹੜੇ ਕੇ ਟੰਬਹੂ ਭਾਰੀ । ਮੱਸੇ ਭਾਈ ਸਿਰ ਲਾਯੋ ਕਾਰੀ ।
ਹੱਥ ਤਲਵਾਰ ਬਰਵਾਲੇ ਰਹੀ । ਮਰਦਨ ਘੋੜਨ ਲਾਈ ਕਹੀਂ ।
ਭਾਜ ਰੰਗੜ ਜਾ ਮੁਗਲਨ ਕਹੈ । 'ਹਮ ਤੇ ਜੱਟ ਮਰਨ ਤੇ ਰਹੇ ।
ਏਕੋ ਨੱਥਾ ਤੀਰਨ ਮਾਰੇ । ਜਿਸ ਤਨ ਲੱਗੇ ਤਿਸ ਹਾਇ ਪਾਹੋਂ' ।
ਮੁਗਲ ਕਹੈਂ 'ਤੁਮ ਮੱਸੇ ਭਾਈ । ਲੇਵੋ ਵੈਰ ਆਪ ਤੁਮ ਜਾਈ ।
ਕਯਾ ਤੁਮ ਹਮ ਸੇ ਨਹੀਂ ਸਿਪਾਹੀ ? ਕਿਮ ਤੁਮ ਹਮਰੀ ਓਟ ਤਕਾਈ ?
ਹਰ ਭਗਤ ਨਿਰੰਜਨੀਏਂ ਪੈ ਜਾਹੋ । ਜੱਟ ਰੰਗੜ ਦੁਇਵਲ ਤੇ ਪਾਹੋ' ।
ਸੁਨ ਹਰ ਭਗਤ ਸੁ ਐਸੀ ਕਹੀ । 'ਹਮ ਤੇ ਭੀ ਜੱਟ ਮਰਤੇ ਨਹੀਂ ।
ਮਾਰੇ ਨੱਥਾ ਜਿਸ ਤਨ ਕਾਨੀ । ਮਾਂਗੇ ਨਹਿੰ ਵਹਿ ਮੁਖ ਤੇ ਪਾਨੀ ।
ਹਥਜਾਰ ਫ਼ੇਟਨ ਸੋਂ ਸੋਂ ਨਹਿੰ ਮਰੇ । ਮਾਰੇ ਗੋਲਿਨ ਛੱਰਰੇ ਭਰੇ ।
ਓਹ ਕਮਾਨੀ ਬਡੋ ਕਹਾਵੈ । ਤੀਰ ਰਾਮ ਤੀਰਥ ਪਾਰ ਪੁਚਾਵੈ ।

ਦੋਹਰਾ-ਹਰ ਭਗਤ ਕਹੀ ਸੋਈ ਕਰੀ ਮੁਗਲਨ ਕਹੀ ਚੁਫੇਰ ।
ਦੋਇ ਚੁਫੇਰੋ ਪਾਸਣਾ ਲਏ ਚੁਤਰਫੋਂ ਘੇਰ ।
ਨੱਥੇ ਮਨ ਮੈਂ ਜਾਨ੍ਯੋ 'ਅਬ ਮਰਨੇ ਸ਼ੱਕ ਨ ਕਾਇ' ।
ਮਾਰਨ ਆਏ ਮਾਰੀਏ ਕਯਾ ਰਾਣਾਂ ਕਯਾ ਰਾਇ ।

ਚੌ:—ਨੱਥੇ ਤੀਰ ਜਾਂਹਿ ਤਨ ਲਾਯਾ । ਸੋ ਲਗ ਦੂਸਰ ਓਰ ਸਿਧਾਯਾ ।
ਤਬ ਫ਼ਿਰ ਹੋਣਹਾਰ ਯੌਂ ਭਈ । ਉਤਰ ਕਮਾਨ ਫਿਰ ਚਿਲਿਓਂ ਗਈ ।
ਕਮਾਣ ਜ਼ਿਮੀਂ ਸੋਂ ਨੱਥੇ ਮਾਰੀ । ਫਿਰ ਕਢ ਹਥ ਸ਼ਮਸ਼ੀਰ ਦੋ ਧਾਰੀ ।
ਜਿਸ ਤਨ ਲਾਵੈ ਕਰਕੇ ਦੌੜ । ਗਿਰੇ ਤੁਰਕ ਚੁਫਾਲੇ ਔਰ ।



Digitized by Panjab Digital Library | www.panjabdigilib.org

ਹਦੋਰਾ-ਬੰਦੂਕਨ ਸੋਂ ਉਨ੍ਹੇਂ ਮਾਰਯੋ ਦੇਹਿੰ ਦੂਰ ਤੇ ਦਾਗ।
ਇਨ ਪੈ ਜੋ ਹਥਜਾਰ ਥੇ ਪਹੁੰਚੇ ਨ ਤਿਹ ਤਿਨ ਲਾਗ।
ਮਾਰ ਬੰਦੂਕਨ ਤੇ ਲਏ ਘੋੜਨ ਦਏ ਮਿਧਾਇ।
ਨੱਥੇ ਭਾਣਜਾ ਇਕ ਬਚਜੋ ਔਰ ਬਚਜੋ ਸਿੰਘ ਰਾਇ।

ਚੌ:—ਅਬ ਹਮ ਬਾਤ ਪਿਤਾ ਕੀ ਆਈ। ਜਿਮ ਕਰ ਤਿਸਕੀ ਜਾਨ ਬਚਾਈ।
ਜਬ ਨੱਥੇ ਪਰ ਘੇਰਾ ਪਰਜੋ। ਮਾਰ ਬੰਦੂਕਨ ਰੌਲਾ ਕਰਜੋ।
ਬਾਲਕ ਨਠ ਨਠ ਸਾਥੀਅਨ ਰਲੇ। ਤਿਨ ਪਰ ਸ਼ਸਤਰ ਝਾਰ ਸੁ ਝਰੇ।
ਵੈ ਨਠ ਆਗੇ ਪੀਛੈ ਹੋਰੇ। ਤਿਨ ਸੰਗ ਪਹੁੰਚੇ ਨ ਬਾਲਕ ਦੌਰੇ।
ਗਿਰਜੋ ਬਾਲ ਤਿਨ ਪੈੜਾਂ ਝਾਗੇ। ਨਹਿੰ ਪਹੁੰਚੈ ਤਿਸ ਦੌੜ ਲਗਾ ਕੇ।
ਵਾਜ ਬੰਦੂਕਨ ਤੇ ਸੋ ਡਰੈ। ਝਾੜਨ ਝੁੰਡ ਵਿਚ ਕੰਟਨ ਵੜੈ।

ਦੋਹਰਾ-ਬਾਲਕ ਪੈੜਨ ਸੋਂ ਫੜੇਂ ਘੋੜੇ ਉਪਰ ਚੜ੍ਹਾਇ।
ਗਿਰੇ ਉਠੇ ਨੱਠੇ ਲੁਕੇ ਬਚਤੋ ਦਿਸੈ ਨ ਕਾਇ।

ਚੌ:—ਤਬ ਬਾਲਕ ਕੋ ਭਈ ਖੁਆਰੀ। ਬਾਲਕ ਲਾਗੇ ਜਾਨ ਪਿਆਰੀ।
ਜਬ ਘੋੜਨ ਕੀ ਫੇਟਨ ਗੇਰਾ। ਗਰਦਨ ਪਰ ਮਾਰੀ ਸ਼ਮਸ਼ੀਰਾ।
ਗਰਦਨ ਕੱਟ ਕੇ ਘੰਡੀ ਰਹ ਗਈ। ਗਲ ਪਰ ਦੂਜੀ ਫੇਰ ਚਲ ਗਈ।
ਕਟ ਗਈ ਹੰਸਲੀ ਮੋਢੇ ਤਾਂਈ। ਤੀਜੀ ਸਿਰ ਪਰ ਫੇਰ ਲਗਾਈ।
ਕਾਟ ਮੋਢੇ ਤੇ ਜ਼ਿਮੀਂ ਧਸਾਈ। ਇਮ ਕਰ ਸ਼ਾਹ ਰਗ ਥੀ ਬਚਾਈ।
ਉਨ ਜਾਨਜੋਂ ਬਾਲਕ ਮਰ ਗਯੋ। ਧੂੜ ਲਪੇਟਯੋ ਧਰਨੀ ਪਯੋ।

ਦੋਹਰਾ-ਮਾਰ ਕੂਟ ਕੇ ਸੋ ਗਏ ਜੀਵਤ ਜਾਨਜੋਂ ਨਾਹਿੰ।
ਇਕ ਸਾਗ ਕੰਬੋਇਨ ਬੇਚਕੈ ਤਿਹ ਥਾਂ ਪਹੁੰਚੀ ਆਇ।

ਚੌ:—ਮਾਲਣ ਬਾਲਕ ਜੀਵਤ ਜਾਨਜੋਂ। ਮੱਧ ਟੋਕਰੀ ਧਰ ਘਰ ਆਨਜੋਂ।
ਪਿਤਾ ਹਮਾਰੇ ਕਾ ਥਾ ਭਾਈ। ਸੁਣ ਰੁੜਯਾਲੇ ਮੈਂ ਲੇ ਆਈ।
ਜ਼ਖਮ ਸਿਵਾਏ ਮੋਚੀ ਆਨ। ਇਸ ਬਿਧਿ ਹਮ ਪਿਤ ਬਚੇ ਪਰਾਨ।
ਐਜੀ ਬਿਧ ਸਾਖੀ ਯਹ ਭਈ! ਗੁਰ ਕਿਰਪਾ ਤੇ ਪੂਰਨ ਕਈ।



Digitized by Panjab Digital Library | www.panjabdigilib.org

੯

# ਸਾਖੀ ਮਤਾਬ ਸਿੰਘ ਕੀ

[ਸ਼ਹੀਦੀ ਭਾਈ ਮਤਾਬ ਸਿੰਘ]

ਦੋਹਰਾ-ਸੁਨੋ ਸਾਖੀ ਅਬ ਦੂਸਰੀ ਮਤਾਬ ਸਿੰਘ ਕੀ ਜੋਇ ।
ਹਰਿਭਗਤ ਥੇ ਪਕੜਨ ਚਲਿਓ ਜੰਡਿਆਲੇ ਵਲ ਸੋਇ ।

ਚੌ:—ਬਹੁਤ ਫੌਜ ਉਸ ਮੁਗਲੋ ਦਈ । ਮਤਾਬ ਸਿੰਘ ਕੋ ਪਕੜਨ ਲਈ ।
ਸੋਊ ਰਹੈ ਬਹੁ ਸਿੰਘਨ ਸਾਥ । ਜਨ ਥੋੜਨ ਬਹੁ ਆਵੈ ਨ ਹਾਥ ।
ਮਤਾਬ ਸਿੰਘ ਹੈ ਸੂਰੋ ਪੂਰੋ । ਨਾਮ ਸੁਨਤ ਹੁਇ ਦੁਸ਼ਮਨ ਦੂਰੋ ।
ਵਾਹਿਗੁਰੂ ਬੋਲ ਬੰਧੇ ਹਥਿਆਰ । ਮਰਨ ਲਰਨ ਕੋ ਰਹੈ ਤਿਆਰ ।
ਜਿਧਰ ਹਲਕਾਰਨ ਦਯੋ ਬਤਾਇ । ਚੜਯੋ ਨਿਰੰਜਨੀਆ ਤਿਤ ਵਲ ਧਾਇ ।
ਸਿੰਘ ਰਹੈਂ ਲੁਕ ਬੇਲਨ ਮਾਂਹੀ । ਫੌਜ ਵੜਨ ਚਿਤੁ ਅਤਿਹਿ ਸੰਕਾਹੀ ।
ਮਾਰੈਂ ਸਿੰਘ ਜੁ ਆਵੈਂ ਹਾਥ । ਮਾਰੇ ਸਿੰਘ ਉਨ ਲੈ ਬਹੁ ਸਾਥ ।
ਉਨੈਂ ਢੂੰਡਤ ਦਿਨ ਕਈ ਬਿਤਾਯੋ । ਮਤਾਬ ਸਿੰਘ ਤਬ ਯੌ ਸੁਨ ਪਾਯੋ ।

ਦੋਹਰਾ-ਤਾਰੂ ਸਿੰਘ ਜੀ ਤੁਰ ਗਯੋ । ਅਹਿਦੀਯਨ ਸਾਥ ਲਹੌਰ ।
ਸੀਸ ਲਗਾਵਨ ਤੁਰਕ ਸਿਰ ਦਰਗਹ ਮਚਾਵਨ ਰੌਰ ।

ਚੌ:—ਲਹੌਰ ਜਾਇ ਸਿਰ ਚੜਗੁ ਨਵਾਬ । ਲਿਜਾਇ ਦਰਗਹ ਉਸ ਕਰੂ ਖਰਾਬ ।
ਕੇਸਨ ਸੋਂ ਕਰੂ ਸੀਸ ਨਿਬਾਹਿ । ਤੁਰਕਨ ਕੇ ਸਿਰ ਸਿਰ ਦੇ ਲਾਇ ।
ਉਇ ਮੰਨੇ ਸਿਰ ਸਾਹਿਬ ਭਾਣਾ । ਸੁਫਲ ਮੰਨੇ ਸਿਰ ਤੁਰਕਨ ਲਾਣਾ ।
ਸਿੰਘ ਧੰਨ ਜੋ ਜੁੱਧ ਮਚਾਵੈਂ । ਸਿੰਘ ਧੰਨ ਜੋ ਤੁਰਕ ਸਿਰ ਲਾਵੈਂ ।

ਦੋਹਰਾ-ਮਰਨ ਸਭਨ ਕੇ ਸੀਸ ਪਰ, ਸੁਫਲ ਮਰਨ ਹੈ ਤਾਂਹਿ ।
ਧਰਮ ਰਹੈ, ਸਿੱਖੀ ਨਿਭੈ, ਸਿਰ ਤੁਰਕ ਸੀਸ ਲਗ ਜਾਹਿੰ ।

ਚੌ:—ਧੰਨ ਧੰਨ ਦੇਹ ਮਨੀ ਸਿੰਘ ਭਾਈ । ਬੰਦ ਬੰਦ ਜਿਨ ਦੇਹਿ ਕਟਾਈ ।
ਧੰਨ ਦਿਆਲ ਸਿੰਘ ਸ਼ਾਹਿਸਿਰੇ ਵਾਲਾ । ਚੜ੍ਹਯੋ ਚਰਖੜੀ ਧਰਮ ਸੰਭਾਲਾ ।



Digitized by Panjab Digital Library | www.panjabdigilib.org

ਸੁਬੇਗ ਸਿੰਘ ਜੰਬਰ ਸੁਤ ਨਾਲ । ਚੜ੍ਹਕੈ ਚਰਖ ਜਿਨ ਜਪਯੋ ਅਕਾਲ।
ਧੰਨ ਧੰਨ ਵੈ ਜਿਨ੍ਹ ਸਿਦਕ ਨ ਹਾਰਾ। ਦੀਆ ਸੀਸ ਮੁਖ ਗੁਰੂ ਉਚਾਰਾ।

ਦੋਹਰਾ-ਹਮਹਿ ਕਮਾਈ ਕਿਆ ਕਰੀ ਲੁਕ ਛਪ ਦੇਹਿ ਬਚਾਇੰ।
ਕਿਮ ਹਮ ਉਨ ਕੇ ਢਿਗ ਬਹੈਂ ਦ੍ਰਗਹਿ ਕਚਹਿਰੀ ਜਾਇ।

ਚੌ:—ਉਨ ਸਿੰਘਨ ਸੋਂ ਹਮ ਕਿਮ ਰਲੀਏ। ਤਿਮ ਉਨ ਸੰਗ ਹਮ ਭੀ ਚਲੀਏ।
ਕਾਚੀ ਦੇਹ ਸਦਾ ਥਿਰ ਨਾਂਹੀ। ਬਹੁਤ ਉਮਰ ਹਮ ਗਈ ਬਿਤਾਹੀ।
ਬਿਨ ਤੁਰਕਨ ਕਹੂੰ ਦੇਹ ਲਗਾਈਏ। ਸ਼ਹੀਦੀ ਮਰਾਤਬ ਤੇ ਕਿਉਂ ਜਈਏ।
ਧ੍ਰਿਗ ਜਨਮ ਧ੍ਰਿਗ ਮਰਨੋ ਹੋਈ। ਤੁਰਕਨ ਬਿਨ ਸਿਰ ਚੜ੍ਹ ਮਰੈ ਜੋਈ।
ਸਿੰਘ ਜੀ ਨੇ ਯੋਂ ਚਿੱਤ ਬਿਚਾਰੀ। 'ਤਾਰੂ ਸਿੰਘ ਸੰਗ ਕਰੀਏ ਤਯਾਰੀ।
ਹਮਰੋ ਓਸ ਕੋ ਹੁਤੋ ਸਨੇਹ। ਉਸ ਹੀ ਸੰਗ ਮਿਲ ਤਜੀਏ ਦੇਹ'।

ਦੋਹਰਾ-ਸਿੰਘ ਸੁ ਔਰਨ ਪ੍ਰਤਿ ਕਹਯੋ 'ਤੁਮ ਰੁਕੋ ਔਰ ਥਾਂ ਜਾਇ।
ਅਸੀਂ ਸੁ ਜਾਇੰ ਲਹੌਰ ਕੋ ਤਾਰੂ ਸਿੰਘ ਕੈ ਪਾਹਿੰ'।

ਚੌ:—ਯੌਂ ਕਹਿ ਸਿੰਘ ਜੀ ਐਧਰ ਤੁਰਿਆ। ਸ਼ਸਤਰ ਛੱਡ ਹੱਥ ਸੋਟਾ ਫੜਿਆ।
ਸ਼ਸਤ੍ਰਨ ਸੋ ਈਹਾਂ ਲੜ ਮਰੀਏ। ਸੋਟੇ ਸਜੋਂ ਨਵਾਬ ਢਿਗ ਜਈਏ।
ਹਰੀ ਭਗਤ ਥੋ ਟੋਲਤ ਜਹਾਂ। ਸਿੰਘ ਜੀ ਪਹੁੰਚਯੋ ਆਪ ਤਹਾਂ।
ਦੇਖਤ ਉਨ੍ਹੈਂ ਤੁਰਤ ਫੜ ਲਯੋ। ਨਰੜ ਕਰੜ ਗੱਡੇ ਪਰ ਧਰਿਓ।

ਸੋਰਠਾ-ਬਾਂਹੁ ਸੁ ਊਪਰ ਬਾਂਹ ਧਰ ਨਲੀਅਨ ਮੱਧ ਟਿਕਾਇ।
ਲੋਹੇ ਕੀਲ ਘੜਾਇ ਕੇ ਠੋਕ ਦੀਯੋ ਇਕ ਥਾਇ।

ਚੌ:—ਫਿਰ ਮੱਧ ਡੰਡੋ ਬਾਂਹ ਪਿੜਾਈ। ਉਸ ਥਾਂ ਦੀਨੀ ਨਾੜ ਚੜ੍ਹਾਈ।
ਸਿੰਘ ਜੀ ਕੋ ਨਿਜ ਗਾਮ ਲਿਆਏ। ਪਛਾਨਨ ਕੋ ਬਹੁ ਲੋਕ ਸਦਾਏ।
ਸਿੰਘ ਜੀ ਸ਼ਾਰਤ ਉਂਗਲ ਹਿਲਾਈ। ਨਹਿੰ ਅਬ ਸਯਾਨਨ ਕੀ ਗਲ ਕਾਈ।
ਜੋ ਕੋਈ ਆਖੈ ਆਣ ਪਛਾਣ। ਪਿੰਡ ਕਰਾਈਏਗਾ ਮੁੱਸਲਮਾਨ।

ਦੋਹਰਾ-ਹਰਿਭਗਤ ਲਹੌਰਹਿ ਲੈ ਪੁਜਯੋ ਦੀਓ ਨਵਾਬ ਸੁਨਾਇ।
'ਤਾਰੂ ਸਿੰਘ ਦਿਖਾਲਕੇ' ਕਹਯੋ 'ਦੇਹੋ ਚਰਖ ਚੜ੍ਹਾਇ'।
ਮਿਥੀ ਜਿਵੇਂ ਥੀ ਸਿੰਘ ਜੀ ਤਿਮ ਚੜ੍ਹਯੋ ਚਰਖ ਪਰ ਧਾਇ।
ਧੰਨ ਜਨਮ ਧੰਨ ਕਰਮ ਉਨ ਸਿੱਖੀ ਰਖੀ ਸਿਰ ਲਾਇ।
ਤਾਰੂ ਸਿੰਘ ਸੁਨ ਖੁਸ਼ ਭਯੋ ਸਿੰਘ ਚੜ੍ਹਿਓ ਚਰਖ ਸ਼ਿਤਾਬ।
ਅਸਾਂ ਨਮਿਤ ਆਪ ਆ ਮਿਲਯੋ ਧੰਨ ਧੰਨ ਸਿੰਘ ਮਤਾਬ।



Digitized by Panjab Digital Library | www.panjabdigilib.org

# ਭਾਗ—2

## ਛੋਟਾ ਘਲੂਘਾਰਾ*

(ਸੰਨ ੧੭੪੬ ਈਸਵੀਂ)

### ਪ੍ਰੋ: ਪ੍ਰਕਾਸ਼ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ

ਘਲੂਘਾਰਾ ਦੇ ਅਰਥ ਹਨ : ਤਬਾਹੀ, ਗਾਰਤੀ, ਬਰਬਾਦੀ, ਲੁਟਣ ਮਾਰਨ ਦੀ ਕਿਰਿਆ, ਕਤਲਾਮ, ਵੱਡੇ ਪੈਮਾਨੇ ਦੀ ਹਿੰਸਾਤਮਕ ਕਾਰਵਾਈ, ਸਰਵ-ਸੰਹਾਰ, ਸਰਵ-ਨਾਸ਼ ਜਾਂ ਸਰਵ-ਵਿਨਾਸ਼, ਸਰਵ-ਪ੍ਰਹਾਰ, ਸਰਵ-ਹਤਿਆ ਜਾਂ ਵੱਡੀ ਗਿਣਤੀ ਵਿਚ ਨਸ਼ਟ ਭ੍ਰਸ਼ਟ ਹੋਣਾ, ਐਸਾ ਜੰਗ ਜੁਧ ਜਿਸ ਵਿਚ ਭਾਰੀ ਜਾਨੀ ਨੁਕਸਾਨ ਹੋਵੇ, ਜਿਥੇ ਬਹੁਤ ਸਾਰਾ ਖੂਨ ਵਗੇ।

**ਦੋ ਘਲੂਘਾਰੇ :**

ਸਿਖ ਇਤਿਹਾਸ ਵਿਚ ਦੋ ਘਲੂਘਾਰੇ ਪ੍ਰਸਿੱਧ ਹਨ। ਇਹ ਹਨ ਛੋਟਾ ਘਲੂਘਾਰਾ ਤੇ ਵੱਡਾ ਘਲੂਘਾਰਾ। ਇਹਨਾਂ ਨੂੰ ਪਹਿਲਾ ਘਲੂਘਾਰਾ ਤੇ ਦੂਜਾ ਘਲੂਘਾਰਾ ਵੀ ਕਹਿੰਦੇ ਹਨ।

ਦੋ ਜੇਠ ਸੰਮਤ ੧੮੦੩ ਵਿਚ ਲਾਹੌਰ ਦੇ ਸੂਬੇਦਾਰ ਯਾਹੀਯਾ ਖਾਨ[1] ਦੀ ਅਮਲਦਾਰੀ ਅੰਦਰ ਉਸ ਦੇ ਵਜ਼ੀਰ ਦੀਵਾਨ ਲਖਪਤ ਰਾਇ[2] ਨਾਲ ਜੋ ਲੜਾਈ ਕਾਨੂਵਾਨ ਦੇ ਛੰਭ ਪਾਸ ਹੋਈ, ਉਹ ਛੋਟਾ ਘਲੂਘਾਰਾ ਕਰਕੇ ਪ੍ਰਸਿਧ ਹੈ, ਜਿਸ ਵਿਚ ਦਸ ਕੁ ਹਜ਼ਾਰ ਦੇ ਕਰੀਬ ਸਿਖਾਂ ਦਾ ਸ਼ਹੀਦ ਹੋਣਾ ਅਨੁਮਾਨ ਕੀਤਾ ਜਾਂਦਾ ਹੈ।

ਵੱਡਾ ਘੱਲੂਘਾਰਾ ਇਸ ਤੋਂ ਲਗਭਗ ੧੬ ਸਾਲ ਬਾਦ ਹੋਇਆ। ੨੮ ਮਾਘ ਸੰਮਤ ੧੮੧੮ (੫ ਫਰਵਰੀ ੧੭੬੨ ਈ:) ਨੂੰ ਅਹਿਮਦਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ

---

*ਇਹ ਖੋਜ-ਪੱਤ੍ਰ ਕਾਹਨੂੰਵਾਣ ਵਿਖੇ ਪਹਿਲਾ ਘਲੂਘਾਰਾ ੧੮ ਫਰਵਰੀ ੧੯੭੯ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਹੋਏ ਸ਼ਹੀਦੀ ਸਮਾਗਮ ਸਮੇਂ ਪੜ੍ਹਿਆ ਗਿਆ।



Digitized by Panjab Digital Library | www.panjabdigilib.org

(ਜ਼ਿਲਾ ਲੁਧਿਆਣਾ) ਕੁਪਰਹੀੜੇ ਦੇ ਮੁਕਾਮ ਤੇ ਜੋ ਲੜਾਈ ਹੋਈ ਉਹ ਸਿੱਖ ਇਤਿਹਾਸ ਵਿਚ ਵੱਡਾ ਘਲੂਘਾਰਾ ਕਰਕੇ ਪ੍ਰਸਿਧ ਹੈ। ਇਸ ਘਲੂਘਾਰੇ ਵਿਚ ਵੀਹ ਕੁ ਹਜ਼ਾਰ ਸਿੰਘ ਸ਼ਹੀਦ ਹੋਏ ਅਤੇ ਇਤਨੀ ਹੀ ਦੁਰਾਨੀ ਫੌਜ ਚਿਤ ਹੋਈ ਸੀ।[3]

## ਕਾਨੂਵਾਣ ਦਾ ਛੰਭ :

ਛੰਭ ਦੋ ਸ਼ਬਦਾਂ ਛ (ਘਰ) ਤੇ ਅੰਭ (ਜਲ) ਦਾ ਸੰਯੁਕਤ ਸ਼ਬਦ ਹੈ, ਜਿਸ ਦੇ ਅਰਥ ਹਨ-ਜਲ ਦੇ ਰਹਿਣ ਦਾ ਘਰ, ਭਾਵ ਝੀਲ ਜਾਂ ਛੱਪੜ।

ਕਾਨੂਵਾਣ ਜ਼ਿਲਾ ਗੁਰਦਾਸਪੁਰ ਦਾ ਇਕ ਪਿੰਡ ਸੀ। ਇਸ ਪਿੰਡ ਦੇ ਕੋਲ ਇਕ ਅਜਿਹੀ ਝੀਲ ਸੀ, ਜਿਸ ਵਿਚ ਸੈਂਕੜੇ ਚਸ਼ਮੇ ਪਾਣੀ ਦੇ ਫੁਟਦੇ ਸਨ, ਜਿਨ੍ਹਾਂ ਦੇ ਪਾਣੀ ਨਾਲ ਇਸ ਝੀਲ ਵਿਚ ਹਮੇਸ਼ਾਂ ਪਾਣੀ ਰਹਿੰਦਾ ਸੀ। ਇਸ ਝੀਲ ਦੇ ਇਰਦ ਗਿਰਦ ਭਾਰੀ ਜੰਗਲ ਹੋਣ ਕਰਕੇ ਤੇ ਸਬਜ਼ੀ ਆਦਿ ਦੀ ਉਪਜ ਦੇ ਕਾਰਨ, ਭੀੜਾ ਵੇਲੇ ਸਿੰਘ ਅਕਸਰ ਇਥੇ ਆ ਕੇ ਇਕੱਠੇ ਹੋਇਆ ਕਰਦੇ ਸਨ। ਅਠ੍ਹਾਰਵੀਂ ਸਦੀ ਵਿਚ ਇਹ ਖਾਲਸੇ ਦਾ ਇਕ ਤਰਾਂ 'ਵਨਦੁਰਗ' ਸੀ ਕਿਉਂਕਿ ਇਸ ਝੀਲ ਦੇ ਇਰਦ ਗਿਰਦ ਜੰਗਲ ਦੇ ਬ੍ਰਿਛ ਇਸ ਤਰ੍ਹਾਂ ਉੱਘੇ ਹੋਏ ਸਨ ਕਿ ਉਹ ਆਪਣੇ ਸੰਘਣੇਪਣ ਤੇ ਉਤਮ ਵਿਉਂਤ ਦੇ ਕਾਰਨ ਕਿਲ੍ਹੇ ਦਾ ਕੰਮ ਦੇਂਦੇ ਸਨ। ਇਥੇ ਪਹੁੰਚਣਾ ਬਹੁਤਾ ਔਖਾ ਸੀ। ਕੇਵਲ ਜੰਗਲ ਦੇ ਰਸਤਿਆਂ ਦੇ ਭੇਤੀ ਹੀ ਇਥੇ ਪਹੁੰਚ ਸਕਦੇ ਸਨ। ਇਸ ਝੀਲ ਦੇ ਇਰਦ ਗਿਰਦ ਇਸ ਜੰਗਲ ਵਿਚ ਅੱਡ-ਅੱਡ ਠਿਕਾਣੇ ਬਣਾ ਕੇ ਸਿਖਾਂ ਦੇ ਕਈ ਜਥੇ ਬਿਪਤਾ ਸਮੇਂ ਰਹਿੰਦੇ ਸਨ। ਇੰਜ ਕਾਨੂਵਾਣ ਦੇ ਛੰਭ ਦਾ ਸਿਖ ਇਤਿਹਾਸ ਨਾਲ ਭਾਰੀ ਸਬੰਧ ਹੈ। ਇਸ ਦਾ ਨਾਮ ਛੋਟੇ ਘਲੂਘਾਰੇ ਮਗਰੋਂ ਤਾਂ ਸਿਖ ਇਤਿਹਾਸ ਵਿਚ ਅਮਰ ਹੋ ਗਿਆ ਹੈ।

ਹੁਣ ਕਾਨੂਵਾਣ ਗੁਰਦਾਸਪੁਰ ਦਾ ਚੰਗਾ ਕਸਬਾ ਹੈ। ਇਸ ਦਾ ਨਾਮ ਕਾਨ੍ਹੂਵਾਣ ਤੋਂ ਕਾਹਨੂਵਾਣ ਜਾਂ ਕਾਹਨੂਵਾਨ ਹੋ ਗਿਆ ਹੈ। ਪੁਰਾਤਨ ਗ੍ਰੰਥਾਂ ਵਿਚ ਨਾਮ ਕਾਨੂਵਾਣ ਹੀ ਹੈ।[4] ਇਸ ਦੇ ਨੇੜੇ ਨਾ ਹੁਣ ਛੰਭ ਹੈ ਨਾ ਝਿੜਾਂ ਤੇ ਨਾ ਹੀ ਜੰਗਲ। ਜਿਉਂ ਜਿਉਂ ਲੋੜ ਪਈ ਲੋਕਾਂ ਨੇ ਜੰਗਲ ਵੱਢ ਕੇ ਜ਼ਮੀਨਾ ਪੱਧਰੀਆਂ ਕਰ ਲਈਆਂ ਹਨ ਤੇ ਇਥੇ ਵਾਹੀ ਹੋਣ ਲੱਗ ਪਈ ਹੈ।

ਛੋਟੇ ਘਲੂਘਾਰੇ ਦਾ ਸਵਿਸਥਾਰ ਹਾਲ ਲਿਖਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਇਹ ਜਾਣਨ ਦਾ ਯਤਨ ਕਰੀਏ ਕਿ ਇਹ ਘਲੂਘਾਰਾ ਕਿਉਂ ਹੋਇਆ ਅਤੇ ਇਹ ਜਾਣਨ ਖਾਤਰ ਇਸ ਦਾ ਪਿਛੋਕੜ ਜਾਣਨਾ ਪਏਗਾ। ਆਓ ਸੰਖੇਪ ਵਿਚ ਇਹ ਦੇਖੀਏ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਯਾਹੀਯਾ ਖਾਨ ਦੇ ਵੇਲੇ ਤਕ ਕੀ ਹੋਇਆ, ਜਿਸ ਦੇ ਸਮੇਂ ਕਿ ਇਹ ਘਲੂਘਾਰਾ ਹੋਇਆ ਸੀ।



Digitized by Panjab Digital Library | www.panjabdigilib.org

## ਪਿਛੋਕੜ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਗਏ ਤੇ ਮੁੜ ਪੰਜਾਬ ਨਾ ਪਰਤੇ। ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾਣ ਦੀ ਖਬਰ ਸੁਣ ਸਿੱਖਾਂ ਵਿਚ ਕੁਝ ਨਿਰਾਸਤਾ ਹੋਈ। ਪਰ ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਮੈਦਾਨ ਵਿਚ ਨਿੱਤਰ ਕੇ ਖੰਡਾ ਖੜਕਾਇਆ ਤਾਂ ਸਿਖ ਜਥੇਬੰਦ ਹੋਣ ਲੱਗ ਪਏ। ਸਿੱਖਾਂ ਨੇ ਕੁਝ ਜਿੱਤਾਂ ਵੀ ਪ੍ਰਾਪਤ ਕੀਤੀਆਂ ਅਤੇ ਆਪਣਾ ਸਿੱਕਾ ਵੀ ਚਲਾਇਆ ਪਰ ਬੰਦਾ ਸਿੰਘ ਬਹਾਦਰ ਦਾ ਰਾਜ ਭਾਗ ਜ਼ਿਆਦਾ ਦੇਰ ਤਕ ਕਾਇਮ ਨਾ ਰਿਹਾ।

੧੭੧੬ ਈ: ਵਿਚ ਬੰਦਾ ਸਿੰਘ ਬਹਾਦਰ ਤੇ ਉਸਦੇ ਲਗ ਪਗ ਅੱਠ ਸੌ ਸਾਥੀ ਸਿੰਘਾਂ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਉਸ ਦੇ ਪਿਛੋਂ ਫਰੁਖਸੀਅਰ ਨੇ ਪੰਜਾਬ ਵਿਚ ਸਿੱਖਾਂ ਦੇ ਕਤਲਾਮ ਦਾ ਹੁਕਮ ਜਾਰੀ ਕਰ ਦਿਤਾ। ਇੰਜ ਸਿਖਾਂ ਦੀ ਤਾਕਤ ਕਮਜ਼ੋਰ ਹੋਣ ਲਗ ਪਈ। ਉਹ ਪੰਜਾਬ ਦੇ ਮੈਦਾਨੀ ਇਲਾਕਿਆਂ ਨੂੰ ਛੱਡ ਕੇ ਪਹਾੜੀ ਇਲਾਕਿਆਂ ਵਿਚ ਜਾਂ ਜੰਗਲਾਂ ਵਿਚ ਦਿਨ ਕਟੀ ਕਰਨ ਲੱਗ ਪਏ। ਕੁਝ ਆਨੰਦਪੁਰ ਸਾਹਿਬ ਦੀਆਂ ਪਹਾੜੀਆਂ ਵਿਚ ਜਾ ਵਸੇ ਤੇ ਕੁਝ ਬੀਕਾਨੇਰ ਦੇ ਥਲਾਂ ਵਿਚ ਜਾ ਵਸੇ ਅਤੇ ਕੁਝ ਕੁ ਲਖੀ ਜੰਗਲ ਤੇ ਕਾਨੂਵਾਣ ਦੇ ਛੰਭ ਵਿਚ ਵੀ ਜਾ ਵਸੇ।

ਜਦੋਂ ਅਬਦੁਸਮੱਦ ਖਾਨ[5] ਲਾਹੌਰ ਦੇ ਸੂਬੇ ਵਿਚ ਪੂਰੀ ਤਰ੍ਹਾਂ ਅਮਨ ਕਾਇਮ ਕਰਨ ਵਿਚ ਸਫਲ ਨਾ ਹੋ ਸਕਿਆ ਤਾਂ ਮੁਹੰਮਦ ਸ਼ਾਹ ਦੇ ਵੇਲੇ ੧੭੨੬ ਈ. ਵਿਚ ਉਸ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿਤਾ ਗਿਆ। ਉਸ ਦੀ ਥਾਂ ਉਸ ਦਾ ਪੁਤਰ ਜ਼ਕਰੀਆ ਖਾਨ[6] ਲਾਹੌਰ ਦਾ ਸੂਬੇਦਾਰ ਥਾਪਿਆ ਗਿਆ। ਪਰ ਜਦ ਸੰਨ ੧੭੩੮ ਦੇ ਆਰੰਭ ਵਿਚ ਅਬਦੁਸਮੱਦ ਖਾਨ ਮਰ ਗਿਆ ਤਾਂ ਮੁਲਤਾਨ ਦੀ ਸੂਬੇਦਾਰੀ ਜ਼ਕਰੀਆ ਖਾਨ ਨੂੰ ਹੀ ਮਿਲ ਗਈ। ਉਥੇ ਉਸ ਵਲੋਂ ਕੌੜਾ ਮੱਲ[7] ਦੀਵਾਨ ਬਣਾ ਕੇ ਭੇਜਿਆ ਗਿਆ।

## ਜ਼ਕਰੀਆਂ ਖਾਨ ਦੇ ਜ਼ੁਲਮ :

ਜ਼ਕਰੀਆ ਖ਼ਾਨ ਦੇ ਜ਼ਮਾਨੇ ਵਿਚ ਸਿੰਘਾਂ ਉਪਰ ਬਹੁਤ ਸਖਤੀਆਂ ਹੋਈਆਂ। ੧੭੩੪ ਈ: ਵਿਚ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਮਗਰੋਂ ਤਾਂ ਜ਼ਕਰੀਆ ਖਾਨ ਸਿਖਾਂ ਦਾ ਬਹੁਤ ਵੈਰੀ ਹੋ ਗਿਆ। ਸਿੱਖਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਅਤੇ ਉਸ ਨੇ ਸਿਖਾਂ ਦਾ ਖੁਰਾ ਖੋਜ ਮਿਟਾਣ ਦਾ ਤਹੱਈਆ ਕਰ ਲਿਆ। ਉਸ ਨੇ ਥਾਉਂ ਥਾਂਈਂ ਸਿੱਖਾਂ ਨੂੰ ਅਨੇਕਾਂ ਪ੍ਰਕਾਰ ਦੇ ਤਸੀਹੇ ਦੇ ਕੇ ਮਾਰਿਆ। ਰਤਨ ਸਿੰਘ ਭੰਗੂ ਨੇ ਇਨ੍ਹਾਂ ਤਸੀਹਿਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ :

"ਕਈ ਚਰਖੀ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਸਿਰ ਮੁੰਗਲੀ ਕੁੱਟੇ। ਕਈ ਡੋਬੇ ਕਈ ਘਸੀਟ ਸੁ ਸੁਟੇ।



Digitized by Panjab Digital Library | www.panjabdigilib.org

ਦਬੇ ਕਟੇ ਬੰਦੂਕਨ ਦਏ ਮਾਰ । ਕੌਣ ਗਏ ਜੋ ਮਰੇ ਹਜ਼ਾਰ ।
ਪਾਂਤ ਪਾਂਤ ਕਈ ਪਕੜ ਸਰਾਏ । ਸਾਥ ਤ੍ਰੇਗਨ ਕਈ ਪਕੜ ਉਡਵਾਏ ।
ਕਿਸੇ ਹੱਥ ਕਿਸੇ ਟੰਗ ਕਟਵਾਈ । ਅੱਖ ਕੱਢ ਕਿਸੇ ਖੱਲ ਉਤਰਵਾਈ ।'[8]

ਐਸੇ ਦਰਦਨਾਕ ਤਸੀਹਿਆਂ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਵਿਚਰਦੇ ਰਹੇ । ਘਰ ਘਾਟ ਛੱਡ ਕੇ ਉਹ ਭਾਵੇਂ ਜੰਗਲਾਂ ਵਿਚ ਵਿਚਰਨ ਲਗ ਪਏ ਪਰ ਫਿਰ ਵੀ ਉਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੀ ਪਿੱਠ ਤੇ ਹਨ । ਉਨ੍ਹਾਂ ਨੂੰ ਅੰਮ੍ਰਿਤ ਦੀ ਸ਼ਕਤੀ ਤੇ ਭਰੋਸਾ ਸੀ । ਉਹ ਸ਼ਾਮ ਨੂੰ ਜਦ ਆਪਣੇ ਆਪਣੇ ਗੁਪਤ ਠਿਕਾਣਿਆਂ ਤੇ ਪੁਜਦੇ ਤਾਂ ਸੋਦਰ ਰਹਿਰਾਸ ਸਾਹਿਬ ਮਗਰੋਂ ਉਹ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਅਤੇ ਪੰਥ ਕੀ ਜੀਤ ਦੇ ਜੈਕਾਰੇ ਛੱਡਦੇ । ਇੰਜ ਬੇਸ਼ੁਮਾਰ ਤਸੀਹੇ ਸਹਿ ਕੇ ਅਤੇ ਅਨੇਕਾਂ ਕੁਰਬਾਨੀਆਂ ਦੇ ਕੇ ਵੀ ਉਨ੍ਹਾਂ ਦੇ ਮਨ ਨਾ ਡੋਲੇ । ਉਨ੍ਹਾਂ ਹਿੰਮਤ ਨਾ ਹਾਰੀ ਤੇ ਕਿਸੇ ਦੀ ਈਨ ਨਾ ਮੰਨੀ ।

ਡਾ. ਗੋਕਲ ਚੰਦ ਨਾਰੰਗ ਇਸ ਸਮੇਂ ਦਾ ਹਵਾਲਾ ਦੇ ਕੇ ਲਿਖਦਾ ਹੈ ਕਿ ਇਹ ਇਕ ਐਸਾ ਸਮਾਂ ਸੀ ਜਦ ਕਿ ਸਿੰਘ ਹੋਣਾ ਮੌਤ ਲਾੜੀ ਨਾਲ ਵਿਆਹ ਕਰਨ ਦੇ ਬਰਾਬਰ ਸੀ । ਉਹ ਲਿਖਦਾ ਹੈ ਕਿ ਜੇ ਇਕ ਜਨਾਨੀ ਦੂਜੀ ਨੂੰ ਪੁਛਦੀ ਕਿ ਤੇਰੇ ਕਿੰਨੇ ਬੱਚੇ ਹਨ ਤਾਂ ਉਹ ਉਤਰ ਦਿੰਦੀ ਕਿ ਬੱਚੇ ਤਾਂ ਚਾਰ ਸਨ ਪਰ ਇਕ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ ਹੈ । ਉਸ ਦੇ ਅਜੇਹੇ ਜਵਾਬ ਦਾ ਭਾਵ ਇਹ ਹੁੰਦਾ ਸੀ ਕਿ ਉਹ ਇਕ ਤਰ੍ਹਾਂ ਸਿੰਘ ਸੱਜ ਕੇ ਮੌਤ ਦੇ ਹਵਾਲੇ ਹੋ ਚੁਕਾ ਹੈ[9] ਕਿਉਂਕਿ ਜਿਸ ਅੰਮ੍ਰਿਤ ਛਕਿਆ ਉਹ ਕੇਸਾਧਾਰੀ ਹੋਇਆ ਅਤੇ ਜੋ ਕੇਸਾਂ ਵਾਲਾ ਹੋਇਆ ਉਹ ਭਾਵੇਂ ਬਾਲ ਹੋਵੇ ਤੇ ਭਾਵੇਂ ਬਿਰਧ ਸਮੇਂ ਦੀ ਹਕੂਮਤ ਦੇ ਹਥੋਂ ਮੌਤ ਦਾ ਭਾਗੀ ਗਿਣਿਆ ਜਾਂਦਾ ਸੀ । ਰਤਨ ਸਿੰਘ ਭੰਗੂ ਲਿਖਦਾ ਹੈ ਕਿ :

"ਕੇਸਨ ਵਾਲੇ ਜੋ ਨਰ ਹੋਈ । ਬਾਲ ਬਿਰਧ ਲੱਭ ਛਡੇਂ ਨਾ ਕੋਈ ।"[10]

## ਨਾਦਰ ਦਾ ਹਮਲਾ ਤੇ ਲੁਟ ਮਾਰ :

ਨਾਦਰ ਸ਼ਾਹ ਨੇ ਜਨਵਰੀ ੧੭੩੯ ਵਿਚ ਹਿੰਦੁਸਤਾਨ ਤੇ ਹਮਲਾ ਕੀਤਾ । ਜਦ ਉਹ ਲਾਹੌਰ ਪਹੁੰਚਿਆਂ ਤਾਂ ਜ਼ਕਰੀਆ ਖਾਨ ਨੇ ਉਸ ਦੀ ਈਨ ਮੰਨ ਲਈ । ਉਸ ਵੇਲੇ ਸਿੱਖਾਂ ਦਾ ਜਥੇਦਾਰ ਨਵਾਬ ਕਪੂਰ ਸਿੰਘ ਸੀ ਅਤੇ ਕਈ ਸਿੱਖ ਉਨ੍ਹਾਂ ਦੀ ਜਥੇਦਾਰੀ ਹੇਠ ਜੰਗਲਾਂ ਵਲ ਚਲੇ ਗਏ ਸਨ । ਕੁਝ ਸਿੱਖ ਨਿਕੇ ਨਿਕੇ ਜਥਿਆਂ ਵਿਚ ਮਾਝੇ ਵਿਚ ਦੀ ਵਿਚਰ ਰਹੇ ਸਨ, ਪਰ ਬਹੁਤੇ ਸਤਲੁਜ ਦਰਿਆ ਟੱਪ ਕੇ ਮੁਕਤਸਰ ਵਲ ਚਲੇ ਗਏ ਸਨ ।

ਜਦੋਂ ਨਾਦਰ ਸ਼ਾਹ ਨੇ ਹਮਲਾ ਕੀਤਾ ਤਾਂ ਸਿੰਘਾਂ ਨੂੰ ਜੰਗਲਾਂ ਵਿਚ ਇਸ ਰਾਜ-ਰੌਲੇ ਦੀਆਂ ਖਬਰਾਂ ਮਿਲੀਆਂ । ਇਸ ਲੁਟ ਮਾਰ ਦੇ ਸਮੇਂ ਉਨ੍ਹਾਂ ਨੇ ਜੰਗਲਾਂ ਵਿਚੋਂ

ਬਾਹਰ ਨਿਕਲਣ ਦੀਆਂ ਸਲਾਹਾਂ ਕੀਤੀਆਂ।[11] ਮੁਨਾਸਿਬ ਮੌਕਾ ਜਾਣ ਕੇ ਜਦੋਂ ਸਿੱਖ ਜੰਗਲਾਂ ਵਿਚੋਂ ਬਾਹਰ ਨਿਕਲ ਰਹੇ ਸਨ ਤਾਂ ਉਧਰੋਂ ਨਾਦਰ ਸ਼ਾਹ ਭੀ ਰਾਜਧਾਨੀ ਨੂੰ ਲੁੱਟ ਕੇ ਸ਼ਾਹੀ ਖਜ਼ਾਨਿਆਂ ਨੂੰ ਆਪਣੇ ਘੋੜਿਆਂ ਤੇ ਖੱਚਰਾਂ ਆਦਿ ਉਪਰ ਲੱਦ ਕੇ ਦਿੱਲੀਓਂ ਵਾਪਸ ਪਰਤ ਪਿਆ ਸੀ। ਲਾਹੌਰ ਤੋਂ ਦਿੱਲੀ ਜਾਂਦੇ ਹੋਏ ਉਹ ਸ਼ਾਹੀ ਸੜਕ ਦੇ ਨੇੜੇ ਦੇ ਕਈ ਸ਼ਹਿਰਾਂ ਨੂੰ ਤਾਂ ਪਹਿਲਾਂ ਹੀ ਲੁਟ ਚੁਕਾ ਸੀ। ਹੁਣ ਉਹ ਵਾਪਸੀ ਤੇ ਸਰਹਦੋਂ ਪਹਾੜਾਂ ਦੇ ਹੇਠ ਕੰਢੀ ਦੇ ਇਲਾਕੇ ਵਿਚੋਂ ਹੁੰਦੇ ਹੋਏ ਸਿਆਲਕੋਟ ਵਲ ਨੂੰ ਹੋ ਪਿਆ। ਇਕ ਤਾਂ ਉਸ ਨੂੰ ਉਧਰੋਂ ਹੋਰ ਲੁੱਟ ਕਰਨ ਦੀ ਆਸ ਸੀ ਅਤੇ ਨਾਲ ਹੀ ਪੰਜਾਬ ਦੇ ਮੈਦਾਨੀ ਇਲਾਕੇ ਦੀ ਗਰਮੀ ਤੋਂ ਬਚਣ ਦਾ ਖਿਆਲ ਸੀ।[12]

ਓਧਰ ਜੰਗਲਾਂ ਤੇ ਪਹਾੜਾਂ ਵਿਚ ਵਿਚਰਦੇ ਸਿੰਘਾਂ ਦੇ ਜਥੇ ਚੋਖੀ ਦੇਰ ਤੋਂ ਰਸਦ ਪੱਠੇ ਤੋਂ ਟੁਟੇ ਹੋਏ ਸਨ। ਸਿੰਘਾਂ ਨੂੰ ਪਤਾ ਲਗਾ ਕਿ ਨਾਦਰ ਸ਼ਾਹ ਲੁਟ ਮਾਰ ਦਾ ਮਾਲ ਲੈ ਕੇ ਵਾਪਸ ਜਾ ਰਿਹਾ ਹੈ ਤਾਂ ਉਹਨਾਂ ਨੇ ਉਸ ਨੂੰ ਸਜਿਓਂ ਖਬਿਓਂ ਤੇ ਪਿਛੋਂ ਅਚਨਚੇਤ ਛਾਪੇ ਮਾਰ ਕੇ ਲੁੱਟਣਾ ਸ਼ੁਰੂ ਕਰ ਦਿਤਾ। ਸਿੰਘ ਛਾਪੇ ਮਾਰ ਕੇ ਆਪਣੇ ਠਿਕਾਣਿਆਂ ਵਿਚ ਜਾ ਛੁਪਦੇ। ਪਹਾੜੀ ਇਲਾਕਾ ਹੋਣ ਕਰਕੇ ਇੰਜ ਕਰਨਾ ਉਹਨਾਂ ਲਈ ਸੌਖਾ ਸੀ ਤੇ ਸਹਾਈ ਵੀ। ਇੰਜ ਨਾਦਰ ਸ਼ਾਹ ਦੇ ਸਿਪਾਹੀਆਂ ਲਈ ਸਿੰਘਾਂ ਨੂੰ ਫੜਨਾ ਬਹੁਤ ਔਖਾ ਸੀ। ਸਿੰਘਾਂ ਨੇ ਨਾਦਰ ਸ਼ਾਹ ਦਾ ਬਹੁਤ ਸਾਰਾ ਮਾਲ ਅਸਬਾਬ ਲੁੱਟ ਲਿਆ। ਇੰਜ ਸਿੰਘਾਂ ਦਿਲੀ ਦੀ ਲੁਟ ਦਾ ਬਹੁਤ-ਸਾਰਾ ਮਾਲ ਈਰਾਨ ਜਾਣੋਂ ਰੋਕ ਲਿਆ।[13] ਸਿੰਘਾਂ ਨੇ ਇਹ ਲੁਟ ਸੰਨ ੧੭੩੯ ਈ. ਦੇ ਅੱਧ ਵਿਚ ਕੀਤੀ।

## ਨਾਦਰ ਸ਼ਾਹ ਦੀ ਸਿੰਘਾਂ ਸਬੰਧੀ ਪੇਸ਼ੀਨਗੋਈ :

ਨਾਦਰ ਸ਼ਾਹ ਜੋ ਈਰਾਨੀਆਂ, ਅਫ਼ਗਾਨਾਂ ਤੇ ਮੁਗਲਾਂ ਨੂੰ ਲੁਟ ਮਾਰ ਚੁਕਾ ਸੀ ਅਤੇ ਆਪਣੇ ਆਪ ਨੂੰ ਬੜਾ ਜਿਵੱਈ ਸਮਝ ਰਿਹਾ ਸੀ, ਹੁਣ ਜਦ ਜੰਗਲਾਂ ਤੇ ਪਹਾੜਾਂ ਦੀਆਂ ਕੰਦਰਾਂ ਵਿਚ ਵਿਚਰਦੇ ਹੋਏ ਤੇ ਫਾਕੇ ਕਟ ਕੇ ਗੁਜ਼ਾਰਾ ਕਰ ਰਹੇ ਸਿੰਘਾਂ ਦੇ ਹਥੋਂ ਲੁਟਿਆ ਗਿਆ ਤਾਂ ਘਬਰਾ ਗਿਆ। ਜਦ ਉਹ ਵਾਪਸ ਜਾਂਦੇ ਹੋਏ ਲਾਹੌਰ ਦੇ ਹਾਕਮ ਜ਼ਕਰੀਆ ਖਾਨ ਨੂੰ ਮੜ ਮਿਲਿਆ ਤਾਂ ਉਸ ਨੇ ਇਕ ਸਵਾਲ ਇਹ ਕੀਤਾ ਕਿ "ਇਹ ਸਿੱਖ ਕੌਣ ਹਨ ? ਇਹ ਕਿਸ ਤਰ੍ਹਾਂ ਦੇ ਲੋਕ ਹਨ ਜਿਹਨਾਂ ਨੇ ਮੇਰੀ ਦਿੱਲੀ ਦੀ ਲੁੱਟ ਨਾਲ ਲੱਦੀ ਹੋਈ ਫੌਜ ਦਾ ਪਿੱਛਾ ਕਰਕੇ ਲੁਟ ਲਿਆ ਹੈ ਅਤੇ ਜਿਨ੍ਹਾਂ ਤੋਂ ਡਰਦੀ ਮੇਰੀ ਫ਼ੌਜ ਦੀ ਰਾਹ ਵਿਚ ਚਲਣ ਵੇਲੇ ਤਰਤੀਬ ਟੁੱਟ ਟੁਟ ਜਾਂਦੀ ਸੀ ?"[14] ਉਸ ਨੂੰ ਜ਼ਕਰੀਆਂ ਖਾਨ ਨੇ ਜਵਾਬ ਦਿਤਾ ਕਿ ਇਹ ਇਕ ਫਕੀਰਾਂ ਦਾ ਟੋਲਾ ਹੈ ਜੋ ਛੇ ਮਹੀਨੇ ਪਿਛੋਂ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਆਉਂਦੇ ਹਨ। ਨਾਦਰ ਸ਼ਾਹ ਨੇ ਫਿਰ ਪੁਛਿਆ, "ਇਹਨਾਂ ਦੇ ਘਰ ਘਾਟ ਕਿਥੇ ਹਨ ?" ਉਤਰ ਮਿਲਿਆ : "ਘਰ ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਉਪਰ ਹਨ।" ਨਾਦਰ ਮੁਸਕਰਾ ਪਿਆ ਤੇ ਕਹਿਣ ਲੱਗਾ ਤਾਂ ਫਿਰ



Digitized by Panjab Digital Library | www.panjabdigilib.org

''ਇਨ੍ਹਾਂ ਤੋਂ ਡਰਨਾ ਚਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਕਿ ਇਹ ਸਿਰ ਉੱਚਾ ਕਰਨਗੇ ਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ।''[15]

ਜ਼ਕਰੀਆ ਖਾਨ ਨੇ ਪਹਿਲਾਂ ਹੀ ਸਿੱਖਾਂ ਉਪਰ ਜ਼ੁਲਮ ਕਰਨ ਦੀ ਕੋਈ ਕਸਰ ਨਹੀਂ ਸੀ ਛੱਡੀ। ਹੁਣ ਨਾਦਰ ਸ਼ਾਹ ਦੀ ਗੱਲ ਸੁਣ ਕੇ ਉਸ ਨੇ ਖੁੰਦਕ ਖਾਧੀ ਤੇ ਉਸ ਨੂੰ ਚਿੜ ਆਈ। ਫਿਰ ਤਾਂ ਉਸ ਨੇ ਉਕੀ ਹੀ ਖੈਰ ਨਾ ਗੁਜ਼ਾਰੀ ਤੇ ਸਿੱਖਾਂ ਦਾ ਖੁਰਾ ਖੋਜ ਮਿਟਾਣ ਦੇ ਹੁਕਮ ਜਾਰੀ ਕਰ ਦਿਤੇ। ਉਸ ਨੇ ਆਪਣੇ ਮਾਤਹਿਤ ਸਾਰੇ ਫੌਜਦਾਰਾਂ ਤੇ ਚੌਧਰੀਆਂ ਦੇ ਨਾਮ ਪਰਵਾਨੇ ਜਾਰੀ ਕੀਤੇ ਅਤੇ ਕਈ ਸਿਰ ਕੱਢ ਮੁਖੀਆਂ ਨੂੰ ਬੁਲਾ ਕੇ ਤਾਕੀਦ ਕੀਤੀ ਕਿ ਕਿਧਰੇ ਕਿਸੇ ਪਿੰਡ ਵਿਚ ਕੋਈ ਵੀ ਸਿੰਘ ਨਾ ਰਹਿਣ ਦਿਉ। ਉਸ ਨੇ ਆਪਣੇ ਇਲਾਕੇ ਵਿਚ ਡੌਂਡੀ ਪਿਟਵਾ ਦਿਤੀ ਕਿ ਜੋ ਸਿੰਘਾਂ ਨੂੰ ਮਾਰੇਗਾ ਜਾਂ ਉਹਨਾਂ ਦਾ ਪਤਾ ਦਸੇਗਾ ਉਸ ਨੂੰ ਸਰਕਾਰੋਂ ਇਨਾਮ ਦਿੱਤਾ ਜਾਏਗਾ। ਇੰਜ ਸਿਖਾਂ ਦੇ ਸਿਰਾਂ ਦੇ ਮੁਲ ਰਖੇ ਗਏ। ਰਤਨ ਸਿੰਘ ਭੰਗੂ ਅਨੁਸਾਰ;

> ''ਦੱਸਣ ਵਾਲੇ ਦਸ ਰੁਪੈ, ਔ ਮਾਰਨ ਵਾਲੇ ਪਚਾਸ।
> ਯਹ ਲਾਲਚ ਤੁਰਕਨ ਦਯੋ, ਤਬ ਬਨਿ ਸਿੰਘਨ ਭਯੋ ਬਾਸ।''[16]

ਹੁਣ ਬਨਵਾਸੀ ਸਿੰਘਾਂ ਨੂੰ ਫੜਨ ਲਈ ਫੌਜੀ ਜਥੇ ਸਾਰੇ ਇਲਾਕੇ ਵਿਚ ਹਰਲ ਹਰਲ ਪਏ ਕਰਦੇ ਸਨ। ਸ੍ਰੀ ਅੰਮ੍ਰਿਤਸਰ ਦੇ ਚੁਫੇਰੇ ਚੌਕੀਆਂ ਬਿਠਾ ਦਿੱਤੀਆਂ ਗਈਆਂ ਤਾਂ ਜੋ ਜਦੋਂ ਵੀ ਕੋਈ ਸਿੰਘ ਸਰੋਵਰ ਵਿਚ ਇਸ਼ਨਾਨ ਕਰਨ ਆਵੇ ਤਾਂ ਉਸ ਨੂੰ ਫੜ ਲਿਆ ਜਾਵੇ ਜਾਂ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਜਾਵੇ।

ਕਿਉਂਕਿ ਸਿੰਘਾਂ ਨੂੰ ਪਿੰਡ ਪਿੰਡ ਢੂੰਡਨ ਲਈ ਤੇ ਦੂਰ ਦੁਰਾਡੇ ਇਲਾਕਿਆਂ ਵਿਚੋਂ ਫੜ ਕੇ ਮਾਰਨ ਵਾਸਤੇ ਗਸ਼ਤੀ ਫੌਜਾਂ ਫਿਰ ਰਹੀਆਂ ਸਨ, ਇਸ ਲਈ ਸਿੰਘਾਂ ਦੇ ਭਾ ਦੀ ਬੜੀ ਔਖੀ ਬਣੀ। ਸਿੰਘ ਘਰ ਘਾਟ ਛੱਡਕੇ ਇਧਰ ਉਧਰ ਲੁਕਣ ਲਗੇ। ਕਈਆਂ ਨੇ ਛੁਪਣ ਲਈ ਤਹਿਖਾਨੇ ਬਣਾ ਲਏ, ਖੰਦਕਾਂ ਖੋਦ ਲਈਆਂ। ਜਿਨ੍ਹਾਂ ਤੰਗ ਆ ਕੇ ਘਰ ਬਾਰ ਛੱਡ ਦਿਤੇ ਉਹ ਹੁਣ ਜੰਗਲਾਂ ਵਿਚ ਵਿਚਰਨ ਲਗੇ ਤੇ ਕਈ ਪੰਜਾਬ ਹੀ ਛੱਡ ਗਏ। ਸਿੱਖ ਭਾਰੀ ਗਿਣਤੀ ਵਿਚ ਰਾਵੀ ਆਦਿ ਦਰਿਆਵਾਂ ਦਿਆਂ ਝੱਲਾਂ ਬੇਲਿਆਂ, ਜੰਗਲਾਂ ਤੇ ਝਾੜੀਆਂ ਅਤੇ ਪਹਾੜੀ ਕੰਦਰਾਂ ਤੇ ਖੱਡਾਂ ਵਿਚ ਜਾ ਵੜੇ।[17]

ਇਨ੍ਹਾਂ ਸਿੱਖਾਂ ਲਈ ਇਕ ਸਖਤ ਇਮਤਿਹਾਨ ਦਾ ਸਮਾਂ ਸੀ। ਉਨ੍ਹਾਂ ਇਸ ਪ੍ਰੀਖਿਆ ਸਮੇਂ ਦਿਲ ਨਹੀਂ ਹਾਰਿਆਂ ਭਾਵੇਂ ਉਨ੍ਹਾਂ ਦਾ ਭਾਰੀ ਪੈਮਾਨੇ ਤੇ ਕਤਲਾਮ ਹੋਣ ਲੱਗਾ।

## ਨਿਰੰਜਨੀਆਂ ਵਲੋਂ ਵਿਰੋਧ :

ਨਿਰੰਜਨੀਆਂ ਨੇ ਇਸ ਵੇਲੇ ਸਿੱਖਾਂ ਨੂੰ ਫੜਾਉਣ ਤੇ ਮਰਵਾਉਣ ਵਿਚ ਸਰਕਾਰ ਦੀ ਬਹੁਤ ਮਦਦ ਕੀਤੀ। ਨਿਰੰਜਨੀਆਂ ਦੇ ਇਕ ਮੁਖੀ ਹਰਿ ਭਗਤ[18] ਨੇ ਓਦੋਂ ਦੇ ਵਾਰੀ



Digitized by Panjab Digital Library | www.panjabdigilib.org

ਇਲਾਕੇ ਵਿਚ ਗਸ਼ਤੀ ਫੌਜ ਮੰਗਵਾ ਕੈ ਸਿੱਖਾਂ ਦੀ ਭਾਰੀ ਗਿਣਤੀ ਵਿਚ ਗ੍ਰਿਫਤਾਰੀ ਕਰਵਾਈ ਅਤੇ ਮੀਰਾਂ ਕੋਟ ਲੁਟਵਾਇਆ ।

ਡਾ: ਗੰਡਾ ਸਿੰਘ ਅਨੁਸਾਰ "ਕਰਮੇ ਛੀਨੇ, ਧਰਮ ਦਾਸ ਜੋਧਾ ਨਗਰੀਏ, ਸਾਹਿਬ ਰਾਏ, ਪੰਨੂੰ ਨੁਸ਼ਹਿਰੀਏ ਤੇ ਰਾਮੇ ਰੰਧਾਵੇ ਨੇ ਸਿੰਘਾਂ ਨੂੰ ਫੜਨ ਫੜਾਉਣ ਤੇ ਮਰਵਾਉਣ ਵਿਚ ਵਧ ਚੜ੍ਹ ਕੇ ਕਾਰਗੁਜ਼ਾਰੀ ਵਿਖਾਈ ।"[19]

ਕਈ ਸਿੰਘ ਜਿਥੇ ਵੇਖੇ ਜਾਂਦੇ ਉਥੇ ਹੀ ਉਨ੍ਹਾਂ ਉਪਰ ਵਾਰ ਕੀਤਾ ਜਾਂਦਾ ਅਤੇ ਉਹ ਵੈਰੀਆਂ ਦਾ ਮੁਕਾਬਲਾ ਕਰਦੇ ਹੋਏ ਥਾਂ ਤੇ ਹੀ ਸ਼ਹੀਦ ਹੋ ਜਾਂਦੇ। ਬਾਲ ਤੇ ਬਿਰਧ ਜੋ ਲੜ ਨਾ ਸਕਦੇ, ਜਾਂ ਜੋ ਜੁਆਨ ਅਚਨਚੇਤ ਫੜ ਲਏ ਜਾਂਦੇ, ਉਹ ਭਾਰੀ ਗਿਣਤੀ ਵਿਚ ਲਾਹੌਰ ਪਹੁੰਚਾਏ ਜਾਂਦੇ ਅਤੇ ਉਥੇ ਦਿੱਲੀ ਦਰਵਾਜ਼ੇ ਦੇ ਬਾਹਰ ਨਖਾਸ਼ ਵਿਚ ਸ਼ਹੀਦ ਕੀਤੇ ਜਾਂਦੇ ।[20]

ਭਾਵੇਂ ਸਿੰਘਾਂ ਉਪਰ ਇੰਜ ਮੁਸੀਬਤਾਂ ਦੇ ਝੱਖੜ ਝੁਲ ਰਹੇ ਸਨ ਪਰ ਕੀ ਮਜਾਲ ਕਿ ਸਿੰਘ ਹਿੰਮਤ ਹਾਰਨ । ਸਿੱਖਾਂ ਦੀ ਮਾਨਸਿਕ ਹਾਲਤ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੀ ਤੇ ਉਹ ਨਿਤ ਇਹ ਅਰਦਾਸ ਕਰਦੇ "ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੁਸੀਂ ਸਾਡੀ ਪਿਠ ਤੇ ਹੋ ਕੇ ਸਾਡੀ ਸਹਾਇਤਾ ਕਰੋ ਤਾਂ ਜੋ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ ।" ਸਿੱਖ ਐਸੇ ਭਿਆਨਕ ਸਮੇਂ ਵਿਚ ਵੀ ਦ੍ਰਿੜ ਵਿਸ਼ਵਾਸੀ ਰਹੇ । ਜ਼ਰਾ ਜਿੰਨਾਂ ਨਾ ਡੋਲੇ । ਡਰਨਾ ਤਾਂ ਇਕ ਪਾਸੇ ਉਹ ਹੱਸ ਕੇ ਤੇ ਮੂੰਹੋਂ ਮੰਗ ਕੇ ਸ਼ਹੀਦੀਆਂ ਪ੍ਰਾਪਤ ਕਰਦੇ । ਸਾਰੇ ਇਤਿਹਾਸ ਵਿਚ ਇਕ ਭੀ ਅਜੇਹੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਫੜੇ ਗਏ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਆਪਣੇ ਧਰਮ ਦਾ ਤਿਆਗ ਕੀਤਾ ਹੋਵੇ । ਰਤਨ ਸਿੰਘ ਭੰਗੂ[21] ਨੇ ਇਸ ਸਮੇਂ ਦੇ ਹਾਲਾਤ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ ਅਤੇ ਉਨ੍ਹਾਂ ਨੂੰ ਪੜ੍ਹ ਕੇ ਭਾਵੇਂ ਲੂੰ ਕੰਡੇ ਖੜੇ ਹੋ ਜਾਂਦੇ ਹਨ ਪਰ ਨਾਲ ਹੀ ਉਨ੍ਹਾਂ ਨਿਡੱਕ ਤੇ ਨਿੱਡਰ ਸਿੱਖਾਂ ਦੀ ਨੇਕ ਕਮਾਈ ਅੱਗੇ ਸਿਰ ਝੁਕ ਜਾਂਦਾ ਹੈ ।

ਇਹੋ ਸਮਾਂ ਸੀ ਜਦ ਕਿ ਮੱਸਾ ਰੰਘੜ, ਜੋ ਕਿ ਘੰਡਿਆਲੇ ਪਿੰਡ ਦਾ ਵਸਨੀਕ ਸੀ ਤੇ ਅੰਮ੍ਰਿਤਸਰ ਦੇ ਪਰਗਣੇ ਦਾ ਹਾਕਮ ਸੀ, ਸਿੱਖਾਂ ਦਾ ਸਖ਼ਤ ਵੈਰੀ ਹੋਇਆ ਸੀ । ਉਸ ਨੇ ਸਾਰਾ ਇਲਾਕਾ ਛਾਣ ਮਾਰਿਆ ਕਿ ਕੋਈ ਸਿੱਖ ਬਾਕੀ ਨਾ ਰਹੇ । ਫਿਰ ਉਸ ਨੇ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਆਉਣ ਵਾਲੇ ਸਿੰਘਾਂ ਨੂੰ ਮਾਰਨ ਲਈ ਸ੍ਰੀ ਦਰਬਾਰ ਸਾਹਿਬ ਆ ਡੇਰਾ ਲਾਇਆ । ਹਰਿਮੰਦਰ ਸਾਹਿਬ ਅੰਦਰ ਇਹ ਕੰਜਰੀਆਂ ਦਾ ਮੁਜਰਾ ਕਰਾਉਂਦਾ ਅਤੇ ਹੁੱਕਾ ਪੀਂਦਾ ਸੀ । ਅਕਾਲ ਤਖਤ ਸਾਹਿਬ ਦੇ ਸਾਹਮਣੇ ਇਹ ਆਪਣੇ ਸਾਥੀਆਂ ਸਮੇਤ ਸ਼ਰਾਬ ਦੇ ਦੌਰ ਚਲਾਉਂਦਾ ਅਤੇ ਜਦ ਕੋਈ ਸਿੰਘ ਹਿੰਮਤ ਕਰਕੇ ਸਰੋਵਰ ਵਿਚ ਚੁੱਭੀ ਲਾਣ ਦਾ ਹੀਆ ਕਰਦਾ ਤਾਂ ਉਸ ਨੂੰ ਜਾਂ ਤਾਂ ਫੜ ਲਿਆ ਜਾਂਦਾ ਜਾਂ ਫਿਰ ਉਥੇ ਹੀ ਮਾਰ ਦਿਤਾ ਜਾਂਦਾ ।



Digitized by Panjab Digital Library | www.panjabdigilib.org

ਇਤਨੇ ਕਰੜੇ ਪਹਿਰੇ ਦੇ ਬਾਵਜੂਦ ਕਈ ਸਿੰਘ ਜਾਨ ਤਲੀ ਤੇ ਰੱਖ ਕੇ ਸ਼ੂਟ ਵੱਟੀ ਹਰਿਮੰਦਰ ਸਾਹਿਬ ਪੁਜਦੇ ਤੇ ਸਰੋਵਰ ਵਿਚ ਇਸ਼ਨਾਨ ਕਰਕੇ ਪਹਿਰੇਦਾਰਾਂ ਦੀਆ ਅੱਖਾਂ ਦੇ ਸਾਹਮਣੇ ਹੀ ਅਲੋਪ ਹੋ ਜਾਂਦੇ।

ਦਰਬਾਰ ਸਾਹਿਬ ਦੀ ਬੇਅਦਬੀ ਦੀਆਂ ਖਬਰਾਂ ਸੁਣ ਕੇ ਭਾਈ ਮਤਾਬ ਸਿੰਘ ਮੀਰਾਂ ਕੋਟੀਏ[22] ਤੇ ਭਾਈ ਸੁੱਖਾ ਸਿੰਘ ਕਲਸੀ[23] ਵਾਲੇ ਦੀ ਅਣਖ ਜਾਗ ਪਈ। ਉਨ੍ਹਾਂ ਨੇ ਪੇਂਡੂ ਲਿਬਾਸ, ਪਹਿਨ ਕੇ ਹਰਿਮੰਦਰ ਸਾਹਿਬ ਅੰਦਰ ਜਾ ਕੇ ਮੱਸਾ ਰੰਘੜ ਦਾ ਸਿਰ ਵੱਢਿਆ ਤੇ ਉਸ ਦੇ ਸਾਥੀ ਕੁਕਰਮੀਆਂ ਨੂੰ ਯੋਗ ਸਜਾਵਾਂ ਦਿੱਤੀਆਂ।[24] ਇਹ ੧੭੪੦ ਈ: ਦੀ ਗੱਲ ਹੈ।

ਇਹੋ ਸਮਾਂ ਸੀ ਜਦ ਲਾਹੌਰ ਵਿਚ ਭਾਈ ਤਾਰੂ ਸਿੰਘ ਦੀ ਖੋਪਰੀ ਲਾਹੀ ਗਈ।[25] ਸ਼ਹੀਦ ਗੰਜ ਦੇ ਸਥਾਨ ਤੇ ਉਹਨਾਂ ਦੀ ਸਮਾਧ ਬਣਾਈ ਗਈ।[26] ਇਹ ਘਟਨਾ ਪਹਿਲੀ ਜੁਲਾਈ ੧੭੪੫ ਈ:[27] ਨੂੰ ਹੋਈ।

ਭਾਈ ਸੁਬੇਗ ਸਿੰਘ ਤੇ ਉਸ ਦੇ ਪੁੱਤਰ ਸ਼ਾਬਾਜ਼ ਸਿੰਘ ਨੂੰ ਵੀ ਇੱਥੇ ਚਰਖੜੀਆਂ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।[28]

## ਯਾਹੀਆ ਖਾਨ ਦਾ ਸਮਾਂ :

੧ ਜੁਲਾਈ ੧੭੪੫ ਨੂੰ ਜ਼ਕਰੀਆਂ ਖਾਨ ਮਰ ਗਿਆ। ਮੀਰ ਮੋਮਨ ਖਾਨ ਕਸੂਰ ਵਾਲੇ ਨੇ ਨਾਇਬ ਦੇ ਤੌਰ ਤੇ ਕੁਝ ਦੇਰ ਪੰਜਾਬ ਦੇ ਹਾਕਮ ਦਾ ਕੰਮ ਸਾਂਭਿਆ ਪਰ ਛੇਤੀ ਹੀ ਦਿੱਲੀ ਤੋਂ ਬਾਦਸ਼ਾਹ ਮੁਹੰਮਦ ਸ਼ਾਹ ਨੇ ਵਜ਼ੀਰ ਕਮਰੁੱਦੀਨ ਦੀ ਸਲਾਹ ਮੰਨ ਕੇ ਜ਼ਕਰੀਆਂ ਖਾਨ ਦੇ ਵੱਡੇ ਪੁੱਤਰ ਯਾਹੀਆ ਖਾਨ ਨੂੰ ਲਾਹੌਰ ਦਾ ਹਾਕਮ ਥਾਪਿਆ। ੧੭੪੫-੪੭ ਤਕ ਪੰਜਾਬ ਉਪਰ ਯਾਹੀਆ ਖਾਨ ਸੂਬੇ ਦਾ ਰਾਜ ਰਿਹਾ। ਜ਼ਕਰੀਆ ਦੇ ਤਿਨਾਂ ਪੁੱਤਰਾਂ ਵਿਚੋਂ ਸਭ ਤੋਂ ਵੱਡਾ ਯਾਹੀਆ ਖਾਨ ਸੀ ਜੋ ਕਿ ਦਿੱਲੀ ਦੇ ਮੁਖ ਮੰਤਰੀ ਕਮਰੁੱਦੀਨ ਦਾ ਜਵਾਈ ਸੀ। ਮੁਖ ਮੰਤਰੀ ਇਹ ਚਾਹੁੰਦਾ ਸੀ ਕਿ ਜ਼ਕਰੀਆ ਖਾਨ ਦੀ ਮੌਤ ਤੋਂ ਬਾਦ ਉਸਦਾ ਜਵਾਈ ਯਹੀਆ ਖਾਨ ਪੰਜਾਬ ਦਾ ਸੂਬਾ ਬਣੇ। ਭਾਵੇਂ ਬਾਦਸ਼ਾਹ ਮੁਹੰਮਦ ਖਾਨ ਇਹ ਨਹੀਂ ਚਾਹੁੰਦਾ ਸੀ ਕਿ ਪੰਜਾਬ ਵਿਚ ਤੁਰਕੀਆਂ ਦਾ ਜ਼ੋਰ ਹੋ ਜਾਵੇ ਪਪ ਫਿਰ ਵੀ ਆਪਣੇ ਮੁਖ ਮੰਤਰੀ ਦੇ ਜ਼ੋਰ ਪਾਣ ਤੇ ਉਸ ਨੇ ਯਾਹੀਆ ਖਾਨ ਨੂੰ ਆਰਜ਼ੀ ਤੌਰ ਤੇ ਪੰਜਾਬ ਦਾ ਸੂਬਾ ਥਾਪ ਦਿੱਤਾ। ਜਲੰਧਰ ਦੁਆਬਾ ਦਾ ਫੌਜਦਾਰ ਸ਼ਾਹ ਨਵਾਜ਼ ਜੋ ਕਿ ਯਹੀਆ ਖਾਨ ਦਾ ਭਰਾ ਸੀ ਇਹ ਗੱਲ ਜਰ ਨ ਸਕਿਆ। ਉਹ ਸਮਝਦਾ ਸੀ ਪੰਜਾਬ ਦੇ ਸੂਬੇ ਦੀ ਪਦਵੀ ਉਸ ਨੂੰ ਮਿਲਣੀ ਚਾਹੀਦੀ ਸੀ। ਉਸ ਨੇ ਆਪਣੇ ਭਰਾ ਦੀ ਇਹ ਨਿਯੁਕਤੀ ਪਸੰਦ ਨਾ ਕੀਤੀ ਤੇ ਉਸ ਨੇ ਯਹੀਆ ਖਾਨ ਉਪਰ ਹਮਲਾ ਕਰ ਦਿੱਤਾ। ਪਰ ਛੇਤੀ ਹੀ ਦੋਹਾਂ ਵਿਚ ਸਮਝੌਤਾ ਹੋ ਗਿਆ ਤੇ ਅਮਨ ਕਾਇਮ ਹੋ ਗਿਆ। ਉਧਰ ਦਿੱਲੀ ਵਿਚ ਕਮਰੁੱਦੀਨ ਨੇ ਇਹ ਜਤਨ ਜਾਰੀ ਰੱਖੇ ਕਿ ਉਸ ਦੇ ਜੁਆਈ ਨੂੰ ਪੰਜਾਬ ਦਾ ਸੂਬਾ ਪੱਕਾ ਕਰ ਦਿਤਾ ਜਾਏ। ਇੰਜ ਉਹ ੩ ਜਨਵਰੀ ੧੭੪੬



Digitized by Panjab Digital Library | www.panjabdigilib.org

ਨੂੰ ਪੰਜਾਬ ਦਾ ਸੂਬਾ ਪੱਕੇ ਤੌਰ ਤੇ ਥਾਪ ਦਿੱਤਾ ਗਿਆ ।[29] ਪਰ ਯਹੀਆ ਖਾਨ ਜ਼ਿਆਦਾ ਦੇਰ ਪੰਜਾਬ ਦਾ ਸੂਬਾ ਨਾ ਰਹਿ ਸਕਿਆ । ਉਸ ਦੇ ਸਮੇਂ ਵਿਚ ਖਾਨਾ-ਜੰਗੀ ਹੀ ਰਹੀ ਅਤੇ ਲਗ ਪਗ ਡੇਢ ਸਾਲ ਮਗਰੋਂ ਹੀ ਉਸ ਦਾ ਭਰਾ ਸ਼ਾਹ ਨਵਾਜ਼ ਪੰਜਾਬ ਦਾ ਸੂਬਾ ਬਣ ਗਿਆ । ਯਹੀਆ ਖਾਨ ਨੇ ਹਕੂਮਤ ਦੀ ਵਾਗ ਡੋਰ ਸੰਭਾਲਦੇ ਹੀ ਸਿੱਖਾਂ ਉਪਰ ਸਖ਼ਤੀ ਦਾ ਦੌਰ ਜਾਰੀ ਰਖਿਆ ਅਤੇ ਇੰਜ ਆਪਣੇ ਪਿਤਾ ਵਾਲੀ ਪਾਲਿਸੀ ਹੀ ਅਪਣ ਈ, ਸਗੋਂ ਕੁਝ ਲਿਹਾਜ਼ ਨਾਲ ਤਾਂ ਉਸ ਨੇ ਇਸ ਕੰਮ ਵਿਚ ਆਪਣੇ ਪਿਉ ਕੋਲੋਂ ਵੀ ਵਧ ਚੜ੍ਹ ਕੇ ਭਾਜੀ ਪਾਈ ।

ਯਹੀਆ ਖਾਨ ਦੇ ਰਾਜ ਵਿਚ ਇਸ ਬਦ-ਅਮਨੀ ਦੇ ਸਮੇਂ, ਛੋਟਾ ਘਲੂਘਾਰਾ ਹੋਇਆ । ਹੁਣ ਤਕ ਅਸੀਂ ਇਸ ਸਮੇਂ ਦੇ ਪਿਛੋਕੜ ਦੇ ਹਾਲਾਤ ਬਿਆਨ ਕਰ ਚੁੱਕੇ ਹਾਂ । ਹੁਣ ਅਸੀਂ ਇਹ ਦਸਣ ਦਾ ਯਤਨ ਕਰਦੇ ਹਾਂ, ਕਿ ਇਹ ਘਲੂਘਾਰਾ ਕਿਵੇਂ ਹੋਇਆ । ਇਸ ਕਤਲਾਮ ਲਈ ਮੁੱਢਲੇ ਕੀ ਕਾਰਨ ਸਨ ਤੇ ਫਿਰ ਇਕਦਮ ਕੀ ਕਾਰਨ ਬਣਿਆ । ਇਹ ਹੇਠ ਲਿਖੇ ਸਵਿਸਥਾਰ ਬ੍ਰਿਤਾਂਤ ਤੋਂ ਸਪੱਸ਼ਟ ਹੋ ਜਾਵੇਗਾ । ਛੋਟਾ ਘਲੂਘਾਰਾ ਸੰਨ ੧੭੪੬ ਈ: ਨੂੰ ਹੋਇਆ । ੧੭੪੬ ਈ: ਦੇ ਜਨਵਰੀ ਤੋਂ ਲੈ ਕੇ ਘਲੂਘਾਰੇ ਤਕ ਦੇ ਹਾਲਾਤ ਅਸੀਂ ਵਿਸਥਾਰ ਨਾਲ ਅੱਗੇ ਬਿਆਨ ਕਰਦੇ ਹਾਂ ।

## ਲਖਪਤ ਰਾਏ ਤੇ ਜਸਪਤ ਰਾਏ :

ਜਿਸ ਵੇਲੇ ਦੇ ਹਾਲਾਤ ਅਸੀਂ ਵਾਚਣ ਲੱਗੇ ਹਾਂ ਉਸ ਵੇਲੇ ਦੋ ਭਰਾਵਾਂ, ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਏਮਨਾਬਾਦੀਏ, ਦਾ ਬੜਾ ਜ਼ੋਰ ਸੀ । ਇਹ ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ) ਦੇ ਖਤਰੀਆਂ ਵਿਚੋਂ ਸਨ । ਲਖਪਤ ਰਾਏ ਸੂਬਾ ਲਾਹੌਰ ਦਾ ਦੀਵਾਨ ਸੀ ਤੇ ਜਸਪਤ ਰਾਏ ਏਮਨਾਬਾਦ ਦਾ ਫੌਜਦਾਰ ਸੀ । ਇਹ ਏਮਨਾਬਾਦ[30] ਵਿਚ ਸਰਕਾਰੀ ਪਦਵੀ ਤੇ ਲੱਗੇ ਹੋਣ ਕਰਕੇ ਇਤਿਹਾਸ ਵਿਚ 'ਏਮਨਾਬਾਦੀਆ' ਕਰਕੇ ਪ੍ਰਸਿੱਧ ਹੈ । ਲਾਹੌਰ ਦੇ ਸੂਬੇਦਾਰ ਯਹੀਯਾ ਖਾਨ ਨੇ ਆਪਣੇ ਦੀਵਾਨ ਲਖਪਤ ਰਾਏ ਨੂੰ ਹੁਕਮ ਜਾਰੀ ਕੀਤਾ ਕਿ ਸਿੱਖਾਂ ਨੂੰ ਸਖਤੀ ਨਾਲ ਨਜਿਠਿਆ ਜਾਵੇ । ਰਾਵੀ ਦੇ ਕੰਢੇ ਜੰਗਲਾਂ ਵਿਚ ਸਿੱਖ ਜੱਥੇ ਛੁਪੇ ਬੈਠੇ ਸਨ । ਲਖਪਤ ਰਾਏ ਨੇ ਉਨ੍ਹਾਂ ਉਪਰ ਹਮਲਾ ਕਰਕੇ ਬਾਹਰ ਕਢਿਆ ।[31] ਕੁਝ ਹੋਰਾਂ ਪਾਸਿਓਂ ਵੀ ਸਿੱਖ ਜੱਥੇ ਅਸੁਰੱਖਿਅਤ ਥਾਵਾਂ ਨੂੰ ਛੱਡ ਕੇ ਦੂਜੀਆਂ ਸੁਰੱਖਿਅਤ ਥਾਵਾਂ ਦੀ ਭਾਲ ਵਿਚ ਤੁਰ ਨਿਕਲੇ । ਇੰਜ ਕੁਝ ਜੱਥੇ ਇਕੱਠੇ ਹੋ ਗਏ ਤੇ ਸਿੰਘਾਂ ਦਾ ਇਕ ਵੱਡਾ ਜੱਥਾ ਬਣ ਗਿਆ ।

## ਜਸਪਤ ਰਾਏ ਦੀ ਸਿੰਘਾਂ ਨਾਲ ਟੱਕਰ :

ਇਹ ੧੭੪੬ ਈ: ਦੇ ਬਿਲਕੁਲ ਸ਼ੁਰੂ ਦੀ ਗੱਲ ਹੈ । ਸਿੰਘਾਂ ਦਾ ਇਹ ਤਕੜਾ ਜੱਥਾ ਜੰਗਲ ਵਿਚੋਂ ਧਕੀਂਦਾ ਹੋਇਆ ਪਹਾੜ ਵਲ ਨੂੰ ਵਧ ਰਿਹਾ ਸੀ । ਇਸ ਜਥੇ ਦੀ



Digitized by Panjab Digital Library | www.panjabdigilib.org

ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ[32] ਕਰ ਰਹੇ ਸਨ ਤੇ ਸ ਸੁਖਾ ਸਿੰਘ ਮਾੜੀ ਕੰਬੋ[33] ਵਾਲੇ ਵੀ ਆਪਣੇ ਇਕ ਜਥੇ ਦੀ ਜਥੇਦਾਰੀ ਕਰਦੇ ਹੋਏ ਨਾਲ ਸਨ। ਦੀਵਾਨ ਜਸਪਤ ਰਾਏ ਜੋ ਕਿ ਉਦੋਂ ਦੌਰੇ ਤੇ ਸੀ ਤੇ ਪਿੰਡ ਖੋਪਰਾ ਵਿਖੇ ਠਹਿਰਿਆ ਹੋਇਆ ਸੀ,[34] ਸਿੰਘਾਂ ਦੇ ਇਸ ਜਥੇ ਦੇ ਮਗਰ ਪੈ ਗਿਆ ਤੇ ਇਨ੍ਹਾਂ ਨੂੰ ਏਮਨਾਬਾਦ ਵਿਖੇ ਧੱਕ ਦਿਤਾ। ਇਸ ਇਲਾਕੇ ਦੇ ਚੌਧਰੀ ਵੀ ਆਪਣੀਆਂ ਆਪਣੀਆਂ ਛੇੜਾਂ ਸਮੇਤ ਜਸਪਤ ਰਾਏ ਦੇ ਨਾਲ ਆ ਰਲੇ ਤੇ ਸਿੰਘਾਂ ਦੇ ਪਿੱਛੇ ਪੈ ਗਏ। ਇਨ੍ਹਾਂ ਚੌਧਰੀਆਂ ਵਿਚੋਂ ਸ਼ੇਰਾ ਚੱਠਾ ਸਭ ਤੋਂ ਅੱਗੇ ਸੀ।[35]

ਸਿੰਘਾਂ ਦਾ ਜਥਾ ਏਮਨਾਬਾਦ ਗੁਰਦੁਆਰਾ ਰੋੜੀ ਸਾਹਿਬ ਆ ਟਿਕਿਆ। ਉਹ ਇਥੇ ਜੋੜ-ਮੇਲਾ ਕਰਨਾ ਚਾਹੁੰਦੇ ਸਨ। ਪਰ ਅਜੇ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਚੰਗੀ ਤਰ੍ਹਾਂ ਦਰਸ਼ਨ ਵੀ ਨਹੀਂ ਸਨ ਕੀਤੇ ਕਿ ਜਸਪਤ ਰਾਏ ਦੇ ਸਾਥੀ ਚੌਧਰੀਆਂ ਦੀਆਂ ਛੇੜਾਂ ਤੇ ਉਨ੍ਹਾਂ ਨਾਲ ਇਲਾਕੇ ਦੇ ਕੁਝ ਲੋਕਾਂ ਨੇ ਰਲ ਕੇ ਸਿੰਘਾਂ ਉਪਰ ਹਮਲਾ ਕਰ ਦਿਤਾ। ਹੁਣ ਜਥਾ ਇਥੋਂ ਧਕੀਂਦਾ ਧਕਾਂਦਾ ਅਗੇ ਨੂੰ ਤੁਰ ਪਿਆ ਤੇ ਬੱਦੋਕੀ ਜਾ ਪੁੱਜਾ। ਇਹ ਬੱਦੋਕੀ ਗੋਸਾਈਆਂ ਕਰਕੇ ਪ੍ਰਸਿੱਧ ਹੈ। ਇਥੇ ਗੋਸਾਈਆਂ ਦੀਆਂ ਝਾੜੀਆਂ ਵਿਚ ਸਿੰਘਾਂ ਨੇ ਡੇਰਾ ਕੀਤਾ ਤੇ ਸਿਰ ਲੁਕਾ ਕੇ ਕੁਝ ਲੰਗਰ ਆਦਿ ਦਾ ਪ੍ਰਬੰਧ ਕਰਨ ਵਿਚ ਲਗ ਗਏ। ਜਸਪਤ ਰਾਏ ਉਦੋਂ ਉਗਰਾਹੀ ਕਰਨ ਲਈ ਮੱਖੜੀ[36] ਆਇਆ ਹੋਇਆ ਸੀ। ਗੋਂਦਲਾ ਵਾਲੇ ਦੇ ਲੋਕਾਂ ਨੇ ਉਸ ਨੂੰ ਸੂਹ ਦਿੱਤੀ ਕਿ ਦੋ ਕੁ ਹਜ਼ਾਰ ਸਿੰਘਾਂ ਦਾ ਜੱਥਾ ਭੇਡਾਂ ਦਾ ਇਕ ਇੱਜੜ ਖੋਹ ਕੇ ਲੈ ਗਿਆ ਹੈ ਤੇ ਹੁਣ ਝਟਕਾ ਬਣਾ ਕੇ ਛਕ ਰਹੇ ਹਨ।[37] ਜਸਪਤ ਰਾਏ ਤੇ ਉਸ ਦੇ ਸਾਥੀਆਂ ਨੇ ਸਿੰਘਾਂ ਦਾ ਆ ਘੇਰਾ ਘੱਤਿਆ। ਜਸਪਤ ਰਾਏ ਨੇ ਸਿੰਘਾਂ ਨੂੰ ਸੁਨੇਹਾ ਭੇਜਿਆ ਕਿ ਭੇਡਾਂ ਮੋੜ ਦਿਉ ਤੇ ਇਥੋਂ ਕੂਚ ਕਰ ਜਾਓ। ਸਿੰਘਾਂ ਨੇ ਉਤਰ ਦਿਤਾ ਕਿ ਅਸੀਂ ਦੋ ਤਿੰਨ ਦਿਨਾਂ ਦੇ ਭੁਖੇ ਹਾਂ। ਇਕ ਦਮ ਕੂਚ ਨਹੀਂ ਕਰ ਸਕਦੇ। ਅੱਜ ਇਥੇ ਲੰਗਰ ਪਾਣੀ ਛਕ ਕੇ ਰਾਤ ਕੱਟਾਂਗੇ ਤੇ ਸਵੇਰੇ ਇਥੋਂ ਚਾਲੇ ਪਾ ਦਿਆਂਗੇ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਸਿੰਘਾਂ ਨੇ ਇਹ ਉਤਰ ਦਿਤਾ ਕਿ ਸਾਡਾ ਤੇਰੇ ਨਾਲ ਤਾਂ ਕੋਈ ਵੈਰ ਨਹੀਂ ਹੈ, ਤੂੰ ਹਿੰਦੂ ਹੈਂ। ਸਾਡਾ ਵੈਰ ਤਾਂ ਤੁਰਕਾਂ ਨਾਲ ਹੈ। ਅਸੀਂ ਕਈ ਦਿਨਾਂ ਦੇ ਭੁਖੇ ਹਾਂ। ਤੇਰੇ ਸ਼ਹਿਰੋਂ ਰਸਦ ਖਰੀਦਣੀ ਚਾਹੁੰਦੇ ਹਾਂ। ਲੰਗਰ ਪਾਣੀ ਦਾ ਪ੍ਰਬੰਧ ਕਰਕੇ ਅਸੀਂ ਦੂਸਰੇ ਇਲਾਕੇ ਵਿਚ ਚਲੇ ਜਾਵਾਂਗੇ। ਉਤਰ ਵਿਚ ਜਸਪਤ ਰਾਏ ਨੇ ਕਿਹਾ ਕਿ ਤੁਸਾਂ ਤਾਂ ਉਹ ਗੱਲ ਕੀਤੀ ਕਿ 'ਉਹ ਫਿਰੇ ਨੱਕ ਵਢਾਉਣ ਨੂੰ ਤੇ ਉਹ ਲੋੜੇ ਨੱਥ ਘੜਾਉਣ ਨੂੰ।' ਮੈਂ ਤਾਂ ਤੁਹਾਡਾ ਖੁਰਾ ਖੋਜ ਮਿਟਾਣਾ ਚਾਹੁੰਦਾ ਹਾਂ ਤੇ ਤੁਸੀਂ ਮੇਰੇ ਇਲਾਕੇ ਵਿਚੋਂ ਹੀ ਰਸਦ ਪਏ ਭਾਲਦੇ ਹੋ। ਤੁਹਾਨੂੰ ਮੌਤ ਪ੍ਰੇਰ ਕੇ ਮੇਰੇ ਇਲਾਕੇ ਵਿਚ ਲੈ ਆਈ ਹੈ।[38] ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਸਪਤ ਰਾਏ ਨੇ ਸਿੰਘਾਂ ਨੂੰ ਆਖਿਆ ਕਿ ਜੇ ਤੁਸੀਂ ਇਥੋਂ ਨਾ ਗਏ ਤਾਂ ਮੈਂ ਲਾਹੌਰੋਂ ਹੋਰ ਸੈਨਾ ਮੰਗਵ ਕੇ ਤੁਹਾਨੂੰ ਘੇਰ ਕੇ ਇਕ ਇਕ ਨੂੰ ਗਿਣ ਗਿਣ ਕੇ ਮਰਵਾ ਦਿਆਂਗਾ। ਉਹ ਲਿਖਦੇ ਹਨ:

ਕੈਧੋ ਕਾਲ ਲਯਾਯੋ ਤੁਮੇਂ ਤੁਮਰਾ ਪ੍ਰੇਰਿ ਈਹਾਂ,
ਭਲੀ ਜੋ ਚਹਿਤ ਕਿਤ ਜਾਹੁ ਅਬਿ ਧਾਇ ਕੈ ।
ਜੌ ਨ ਤੁਮੇਂ ਜੈਹੋ ਮੈਂ ਲਹੌਰ ਤੇ ਸਦਹੋ ਸੈਨ,
ਘੇਰ ਮਰਵੈਹੋ ਏਕ ਏਕ ਕੋ ਗਿਨਾਇ ਕੈ ।[39]

ਅੱਗੇ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਜਸਪਤ ਰਾਏ ਦੀ ਇਹ ਬੋਲੀ ਸਿੰਘਾਂ ਨੂੰ ਖਾ ਗਈ, ਉਨ੍ਹਾਂ ਇਕ ਦਮ ਇਕੱਠ ਕੀਤਾ। ਪਹਿਲਾਂ ਤਾਂ ਉਹ ਗੁੱਸਾ ਪੀ ਕੇ ਦੜ ਵੱਟ ਗਏ। ਪਰ ਸਿੰਘਾਂ ਨੇ ਵਿਚਾਰ ਕੀਤੀ ਕਿ ਇਸ ਦਾ ਕੋਈ ਇਲਾਜ ਹੋਣਾ ਜ਼ਰੂਰੀ ਹੈ। ਇਸ ਨੇ ਸੁਤੇ ਸ਼ੇਰਾਂ ਨੂੰ ਜਗਾਇਆ ਹੈ। ਉਨ੍ਹਾਂ ਕਿਹਾ ਕਿ ਇਸ ਨੇ ਸਿੰਘਾਂ ਨੂੰ ਕੀ ਮਾਰਨਾ ਹੈ ਸਾਨੂੰ ਤਾਂ ਇੰਜ ਜਾਪਦਾ ਹੈ ਕਿ ਉਸ ਨੇ ਸਾਨੂੰ ਬੋਲੀ ਮਾਰ ਕੇ ਆਪਣੀ ਮੌਤ ਨੂੰ ਸੱਦਾ ਦਿਤਾ ਹੈ ।[40] ਸਿੰਘਾਂ ਨੇ ਜਾਣੋਂ ਇਨਕਾਰ ਕਰ ਦਿਤਾ। ਉਸ ਨੇ ਮੁੜ ਸੁਨੇਹਾ ਭਿਜਵਾਇਆ ਕਿ ਭੱਜ ਜਾਓ ਨਹੀਂ ਤਾਂ ਤੁਹਾਡਾ ਬੰਦੋਬਸਤ ਕਰਦਾ ਹਾਂ। ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿਚ :

"ਸੀਸ ਮੁਨਾਇ ਤੁਮੈ ਜਾਣ ਬਨਾਵੈਂ ।।[41]
ਤੁਮਰੇ ਬਾਲਕ ਮਾਲਾ ਬਣਾਵੈਂ ।"

ਸਿੰਘਾਂ ਨੇ ਡੇਰਾ ਚੁਕਣੋਂ ਮੁੜ ਇਨਕਾਰ ਕੀਤਾ। ਰਾਤ ਉਥੇ ਹੀ ਕੱਟਣ ਦੀ ਸਲਾਹ ਕੀਤੀ ਅਤੇ ਆਪਣੀ ਭੁਖ ਮਿਟਾਣ ਦਾ ਪ੍ਰਬੰਧ ਕਰਨ ਵਿਚ ਲਗ ਗਏ।

## ਘਲੂਘਾਰੇ ਦਾ ਫੌਰੀ ਕਾਰਨ, ਜਸਪਤ ਦਾ ਕਤਲ :

ਡਾ: ਗੰਡਾ ਸਿੰਘ ਅਨੁਸਾਰ ਸਿੰਘਾਂ ਅਜੇ ਟਿੰਡਾਂ ਵਿਚ ਘਾਸ ਫੂਸ ਪਾ ਕੇ ਉਬਾਲਣਾ ਧਰਿਆ ਹੀ ਸੀ ਕਿ ਜਸਪਤ ਰਾਏ ਆਪਣੇ ਸਾਥੀਆਂ ਸਮੇਤ ਸਿੰਘਾਂ ਉਪਰ ਆ ਪਿਆ ।[42] ਸਿੰਘ ਝਾੜੀਆਂ ਵਿਚ ਡੇਰਾ ਲਾਈ ਬੈਠੇ ਸਨ। ਉਹ ਐਸੀ ਹਾਲਤ ਵਿਚ ਸਨ ਕਿ ਉਨ੍ਹਾਂ ਦਾ ਕਿਸੇ ਪਾਸੇ ਨਿਕਲ ਜਾਣਾ ਸੌਖਾ ਨਹੀਂ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਭਾਈ ਸੁਖਾ ਸਿੰਘ ਆਦਿ ਨੇ ਸਿੰਘਾਂ ਨੂੰ ਡਟ ਕੇ ਲੜਨ ਲਈ ਪ੍ਰੇਰਿਆ। ਸਿੰਘਾਂ ਨੇ ਭੁਖੇ ਭਾਣੇ ਇੰਞ ਝਾੜੀਆਂ ਵਿਚ ਫਸ ਕੇ ਮਰਨ ਨਾਲੋਂ ਲੜ ਕੇ ਮਰਨਾ ਚੰਗਾ ਜਾਣਿਆ। ਉਨ੍ਹਾਂ ਲੰਗਰ ਦਾ ਪ੍ਰਬੰਧ ਵਿਚੇ ਛੱਡ ਕੇ ਜੈਕਾਰਿਆਂ ਦੀ ਗੂੰਜ ਵਿਚ ਇਕ ਦਮ ਜਸਪਤ ਦੀ ਫੌਜ ਤੇ ਪਹਿਲਾ ਵਾਰ ਕਰ ਦਿਤਾ। ਜਦ ਪੂਰੇ ਜੋਸ਼ ਵਿਚ ਜਸਪਤ ਰਾਏ ਉਪਰ ਟੁਟ ਕੇ ਪਏ ਤਾਂ ਚੌਧਰੀਆਂ ਦੀਆਂ ਮਾਂਗਵੀਆਂ ਹੇੜਾਂ ਟਿਕ ਨਾ ਸਕੀਆਂ। ਜਸਪਤ ਰਾਏ ਦੀਆਂ ਫੌਜਾਂ ਤੇ ਹੋਰ ਮੁਲਖਈਆਂ ਸਿਰ-ਲੱਥ ਸਿੰਘ-ਸੂਰਮਿਆਂ ਦਾ ਟਾਕਰਾ ਨਾ ਕਰ ਸਕੇ। ਉਹ ਪਹਿਲੇ ਹੱਲੇ ਹੀ ਭੱਜ ਨਿਕਲੇ।

ਮਹਾਨ ਕੋਸ਼ ਅਨੁਸਾਰ ਇਕ ਸਿੰਘ ਭਾਈ ਨਿਬਾਹੂ ਸਿੰਘ ਰੰਘਰੇਟੇ ਨੇ ਜਸਪਤ ਰਾਏ ਦੇ ਹਾਥੀ ਤੇ ਚੜ੍ਹ ਕੇ ਉਸ ਦਾ ਸਿਰ ਵਢ ਲਿਆ ।[43] ਜਸਪਤ ਰਾਏ ਦੇ ਜੇਵਰ ਤੇ ਹੋਰ



Digitized by Panjab Digital Library | www.panjabdigilib.org

ਸ਼ਸਤਰ ਬਸਤਰ ਥੱਲੇ ਸੁੱਟ ਕੇ ਉਸ ਦਾ ਸਿਰ ਲੈ ਕੇ ਭੱਜ ਨਿਕਲਿਆ। ਜਸਪਤ ਰਾਏ ਦੀ ਮੌਤ ਦੇਖ ਕੇ ਉਸ ਦੀ ਫੌਜ ਵਿਚ ਹਫੜਾ-ਤਫੜੀ ਫੈਲ ਗਈ ਤੇ ਉਸ ਦੇ ਸਾਥੀ ਆਪਣੀ ਜਾਨ ਬਚਾਣ ਲਈ ਜਿਧਰ ਮੂੰਹ ਆਇਆ, ਉਧਰ ਹੀ ਨੱਠ ਖਲੋਤੇ [44]। ਇੰਜ ਸਿੰਘਾਂ ਦੇ ਜਥੇ ਨੇ ਦੀਵਾਨ ਜਸਪਤ ਰਾਏ ਦੀ ਫੌਜ ਤੇ ਚੌਧਰੀਆਂ ਤੇ ਮੁਕੱਦਮਾਂ ਦੀਆਂ ਹੇੜਾਂ ਤੇ ਮਾਗਵੀਆਂ ਧਾੜਾਂ ਨੂੰ ਬੁਰੀ ਤਰ੍ਹਾਂ ਹਰਾਇਆ।

ਜਸਪਤ ਰਾਏ ਦਾ ਸਿਰ ਸਿੰਘ ਚੁਕ ਲਿਆਏ। ਜਸਪਤ ਦੇ ਸਾਥੀਆਂ ਨੇ ਸਿਰ ਮੰਗਿਆ ਪਰ ਉਨ੍ਹਾਂ ਨਾ ਦਿਤਾ। ਪਰ ਬੱਦੋਕੀ ਤੇ ਬਾਵਾ ਕਿਰਪਾ ਰਾਮ ਗੁਸਾਈਂ[45] ਦੇ ਮੰਗਣ ਤੇ ਉਸ ਨੂੰ ਦੇ ਦਿਤਾ; ਜਿਸ ਦੇ ਬਦਲੇ ਬਾਵੇ ਨੇ ਪੰਜ ਸੌ ਰੁਪਿਆ ਸਿੰਘਾਂ ਦੀ ਭੇਟਾ ਕੀਤਾ। ਬਾਵਾ ਕਿਰਪਾ ਰਾਮ ਨੇ ਜਸਪਤ ਦੇ ਸਰੀਰ ਦਾ ਬੱਦੋਕੀ ਦੇ ਬਾਹਰਵਾਰ ਸੰਸਕਾਰ ਕੀਤਾ।[46] ਕਰਮ ਸਿੰਘ ਅਨੁਸਾਰ ਇਹ ਘਟਨਾ ਮਾਰਚ ੧੭੪੬ ਵਿਚ ਵਾਪਰੀ।[47]

ਗਿਆਨੀ ਗਿਆਨ ਸਿੰਘ ਅਨੁਸਾਰ ਜਸਪਤ ਰਾਏ ਦੇ ਮਾਰੇ ਜਾਣ ਤੋਂ ਮਗਰੋਂ ਸਿੰਘਾਂ ਨੇ ਜਸਪਤ ਦੇ ਕਈ ਸਾਥੀਆਂ ਨੂੰ ਵੀ ਮਾਰ ਮੁਕਾਇਆ ਅਤੇ ਉਸ ਦਾ ਖਜ਼ਾਨਾ, ਅਸਲਾ ਤੇ ਬਰੂਦ ਸਿੱਕਾ ਆਦਿ ਲੁਟ ਕੇ ਮੁੜ ਜੰਗਲਾਂ ਵਿਚ ਚਲੇ ਗਏ।[48]

## ਲਖਪਤ ਦਾ ਸਿੰਘਾਂ ਨੂੰ ਮਾਰ ਮੁਕਾਉਣ ਦਾ ਪ੍ਰਣ :

ਜਿਉਂ ਹੀ ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਦੇ ਕਤਲ ਹੋਣ ਦੀ ਖਬਰ ਸੁਣੀ ਤਾਂ ਉਹ ਅੱਗ ਬਗੋਲਾ ਹੋ ਗਿਆ। ਉਸ ਨੇ ਯਾਹੀਯਾ ਖਾਨ ਨੂੰ ਸਾਰਾ ਹਾਲ ਦਸਿਆ ਕਿ ਕਿਵੇਂ ਸਿੱਖਾਂ ਨੇ ਜਸਪਤ ਰਾਏ ਨੂੰ ਮਾਰਿਆ ਹੈ ਤੇ ਫਿਰ ਉਸ ਦਾ ਖਜ਼ਾਨਾ ਤੇ ਅਸਲਾ ਆਦਿ ਲੁਟ ਲਿਆ ਹੈ। ਲਖਪਤ ਰਾਏ ਨੇ ਨਵਾਬ ਦੇ ਸਾਹਮਣੇ ਪੱਗ ਲਾਹ ਦਿਤੀ[49] ਤੇ ਆਖਿਆ ਕਿ ਮੈਂ ਸਿੰਘਾਂ ਨੂੰ ਖਤਮ ਕੀਤੇ ਬਿਨਾਂ ਪਗੜੀ ਨਹੀਂ ਬੰਨ੍ਹਾਂਗਾ। ਯਾਹੀਯਾ ਖਾਨ ਨੂੰ ਹੋਰ ਕੀ ਚਾਹੀਦਾ ਸੀ ? ਉਹ ਇਹ ਸੁਣ ਕੇ ਖੁਸ਼ ਹੋਇਆ ਕਿ ਉਸ ਦਾ ਇਕ ਹਿੰਦੂ ਦੀਵਾਨ ਸਿੱਖਾਂ ਦੇ ਇਤਨਾ ਵਿਰੁਧ ਹੋ ਗਿਆ ਹੈ ਤੇ ਉਸ ਨੇ ਇੰਜ ਲੱਕ ਬੰਨ੍ਹ ਕੇ ਸਿਖਾਂ ਦਾ ਖੁਰਾ ਖੋਜ ਮਿਟਾਣ ਦਾ ਤਹੱਈਆ ਕੀਤਾ ਹੈ। ਯਾਹੀਯਾ ਖਾਨ ਨੇ ਵੀ ਸਿਖਾਂ ਦੇ ਕਤਲਾਮ ਦਾ ਹੁਕਮ ਜਾਰੀ ਕਰ ਦਿਤਾ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਰਖ ਦਿਤੇ। ਅਲੀ-ਉ-ਦੀਨ ਅਨੁਸਾਰ ਉਸ ਨੇ ਹੁਕਮ ਦਿਤਾ ਕਿ ਜੋ ਭੀ ਗੁਰੂ ਗੋਬਿੰਦ ਸਿੰਘ ਦਾ ਨਾਮ ਲੈਂਦਾ ਸੁਣਿਆ ਜਾਏ ਉਸ ਦਾ ਪੇਟ ਪਾੜ ਦਿਤਾ ਜਾਵੇ।[50] ਇੰਜ ਲਾਹੌਰ ਵਿਖੇ ਸਿੱਖਾਂ ਦਾ ਕਤਲਾਮ ਸ਼ੁਰੂ ਹੋ ਗਿਆ।

## ਕੌੜਾ ਮਲ ਆਦਿ ਲਖਪਤ ਨੂੰ ਮਿਲੇ :

ਜਦ ਲਾਹੌਰ ਵਿਚ ਇਸ ਤਰ੍ਹਾਂ ਦੇ ਕਤਲਾਮ ਹੋਏ ਤਾਂ ਚੌਹੀਂ ਪਾਸੀਂ ਦੁਹਾਈ ਮਚ ਗਈ। ਗਰੀਬ ਸਿਖ ਦੁਕਾਨਦਾਰਾਂ ਤੇ ਸਰਕਾਰੀ ਨੌਕਰਾਂ ਆਦਿ ਦੇ ਕਤਲ ਕੀਤੇ ਜਾਣ



Digitized by Panjab Digital Library | www.panjabdigilib.org

ਦੀਆਂ ਖਬਰਾਂ ਸੁਣ ਕੇ ਤਾਂ ਲਾਹੌਰ ਦੇ ਹੀ ਨਹੀਂ ਆਲੇ ਦੁਆਲੇ ਦੇ ਲੋਕ ਤ੍ਰਾਹ ਤ੍ਰਾਹ ਕਰ ਉਠੇ। ਇਹ ਖਬਰਾਂ ਜਦ ਦੀਵਾਨ ਕੌੜਾ ਮੱਲ ਤੇ ਦੀਵਾਨ ਲੱਛਾ ਰਾਮ ਨੇ ਸੁਣੀਆਂ ਤਾਂ ਉਹ ਬੜੇ ਚਿੰਤਾਤੁਰ ਹੋਏ। ਇਹਨਾਂ ਨਾਲ ਕੁਝ ਹੋਰ ਧਰਮੀ ਬੰਦਿਆਂ ਨੇ ਰਲ ਕੇ ਸਲਾਹ ਕੀਤੀ ਕਿ ਲਖਪਤ ਰਾਏ ਨੂੰ ਮਿਲ ਕੇ ਇਹ ਜ਼ੁਲਮ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ।

ਡਾ: ਗੰਡਾ ਸਿੰਘ ਅਨੁਸਾਰ ਇਨ੍ਹਾਂ ਦੋਹਾਂ ਤੋਂ ਇਲਾਵਾ ਕਸ਼ਮੀਰੀ ਮਲ, ਦੀਵਾਨ ਸੂਰਤ ਸਿੰਘ, ਦਿਲਾ ਰਾਮ, ਹਰੀ ਮਲ, ਬਹਿਲੂ ਮੱਲ, ਹਰੀ ਸਿੰਘ, ਗੁਲਜਾਰ ਸਿੰਘ, ਚੌਧਰੀ ਜਵਾਹਰ ਮੱਲ, ਪੰਡਿਤ ਸੂਰਤਾ ਰਾਮ ਤੇ ਭਾਈ ਦੇਸ ਰਾਜ ਦਾ ਇਕ ਵਫ਼ਦ ਬਣਿਆ। ਉਸ ਵੇਲੇ ਭਾਈ ਪ੍ਰਿਥੀ ਦੀ, ਗੁਸਾਈਆਂ ਦੀ ਗੱਦੀ ਉਤੇ ਸੰਤ ਜਗਤ ਭਗਤ[51] ਬੈਠਾ ਸੀ। ਵਫ਼ਦ ਦੇ ਸੱਜਣਾਂ ਨੇ ਸੋਚਿਆ ਕਿ ਸੰਤ ਜਗਤ ਭਗਤ ਚੂੰਕਿ ਲਖਪਤ ਰਾਏ ਦਾ ਗੁਰੂ ਹੈ, ਇਸ ਲਈ ਇਸ ਨੂੰ ਨਾਲ ਲੈ ਲੈਣਾ ਚਾਹੀਦਾ ਹੈ। ਲਖਪਤ ਰਾਏ ਇਸ ਦਾ ਕਿਹਾ ਨਹੀਂ ਮੋੜ ਸਕੇਗਾ। ਉਸ ਨੂੰ ਵਫ਼ਦ ਦੇ ਨਾਲ ਸ਼ਾਮਲ ਹੋਣ ਲਈ ਉਹ ਲਾਹੌਰ ਲੈ ਆਏ।[52] ਲਾਹੌਰ ਦੇ ਕਈ ਪਤਵੰਤੇ ਹਿੰਦੂ ਤੇ ਕੁਝ ਸੰਤ ਇਨ੍ਹਾਂ ਨਾਲ ਮਿਲ ਗਏ। ਸਾਰੇ ਇਕ ਵਫ਼ਦ ਦੀ ਸ਼ਕਲ ਵਿਚ ਲਖਪਤ ਰਾਏ ਕੋਲ ਗਏ ਅਤੇ ਆਖਿਆ ਕਿ ਤੇਰਾ ਭਾਈ ਜਸਪਤ ਰਾਏ ਸਿੰਘਾਂ ਉਪਰ ਹਲਾ ਕਰਦੇ ਹੋਏ ਸਿੰਘਾਂ ਹਥੋਂ ਮਾਰਿਆ ਗਿਆ ਹੈ। ਜੋ ਹੋਣਾ ਸੀ ਉਹ ਹੋ ਗਿਆ, ਹੁਣ ਤੂੰ ਸਿੰਘਾਂ ਉਪਰ ਜ਼ੁਲਮ ਨਾ ਕਰ। ਸਾਰੇ ਸਿੰਘਾਂ ਦਾ ਤਾਂ ਕੋਈ ਕਸੂਰ ਨਹੀਂ। ਸਿੰਘ ਸਾਰੇ ਹੀ ਭਰਾ ਹਨ। ਇਹ ਸਾਡੀ ਰਖਿਆ ਕਰਨ ਤੇ ਸਾਡੇ ਧਰਮ ਨੂੰ ਬਚਾਣ ਲਈ ਹੀ ਤਾਂ ਇਤਨੇ ਜਫਰ ਜਾਲ ਰਹੇ ਹਨ। ਇਹਨਾਂ ਗਰੀਬ ਦੁਕਾਨਦਾਰਾਂ ਤੇ ਨੌਕਰ ਚਾਕਰ ਸਿੰਘਾਂ ਦਾ ਕੀ ਕਸੂਰ? ਤੂੰ ਇਹਨਾਂ ਨੂੰ ਸਾਡੀ ਖਾਤਰ ਹੀ ਛੱਡ ਦੇ।

ਡਾ: ਗੰਡਾ ਸਿੰਘ ਲਿਖਦੇ ਹਨ ਕਿ ਵਫ਼ਦ ਵਿਚ ਸ਼ਾਮਲ ਸੱਜਣਾਂ ਨੇ ਆਖਿਆ ਕਿ ਅਸੀਂ ਦਾੜ੍ਹੀਆਂ ਲੈ ਕੇ ਹੁਣ ਤੇਰੇ ਪਾਸ ਆ ਚੁਕੇ ਹਾਂ। ਸਾਨੂੰ ਖਾਲੀ ਨਾ ਮੋੜ। ਪਰ ਲਖਪਤ ਰਾਏ ਕਦ ਮੰਨਣ ਵਾਲਾ ਸੀ। ਉਹ ਟਸ ਤੋਂ ਮਸ ਨਾ ਹੋਇਆ ਤੇ ਕਹਿਣ ਲਗਾ ਤੁਸੀਂ ਤਾਂ ਕੀ, ਜੇ ਰੱਬ ਵੀ ਆਪ ਚਲ ਕੇ ਆਵੇ ਤਾਂ ਭੀ ਮੈਂ ਇਹਨਾਂ ਨੂੰ ਨਹੀਂ ਛੱਡਾਂਗਾ।[63]

## ਸੰਤ ਜਗਤ ਭਗਤ ਦਾ ਤਰਲਾ :

ਉਸ ਦੇ ਗੁਰੂ ਜਗਤ ਭਗਤ ਨੇ ਭੀ ਬਥੇਰਾ ਸਮਝਾਇਆ, ਪਰ ਉਸ ਨੂੰ ਉੱਕੀ ਨਾ ਪੋਹੀ। ਉਨ੍ਹਾਂ ਮੁੜ ਤਰਲਾ ਲਿਆ, ਪਰ ਉੱਤਰ ਮਿਲਿਆ ਕਿ 'ਤੁਹਾਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ? ਤੁਸੀਂ ਡੇਰੇ ਹੀ ਬੈਠਿਆ ਕਰੋ।' ਲਖਪਤ ਰਾਏ ਦੇ ਇਸ ਜਵਾਬ ਨੂੰ ਸੁਣ ਕੇ ਉਹ ਬਹੁਤ ਨਿਰਾਸ ਹੋਏ ਤੇ ਕਿਹਾ, "ਅੱਛਾ ਜਿਸ ਪਾਣੀਓਂ ਉੱਗੀ ਹੈ, ਉਸੇ



Digitized by Panjab Digital Library | www.panjabdigilib.org

ਪਾਨੀ ਮਾਰਾਂਗੇ। ਤੇਰੀ ਜੜ੍ਹ ਨਹੀਂ ਰਹਿਣ ਲੱਗੀ ਤੇ ਖਾਲਸਾ ਪੰਥ ਦਿਨੋਂ ਦਿਨ ਵਧਗਾ।"[54]

## ਲਖਪਤ ਵਲੋਂ ਸਿੱਖਾਂ ਉਪਰ ਜ਼ੁਲਮ :

ਵਫ਼ਦ ਤਾਂ ਨਿਰਾਸ਼ ਪਰਤ ਆਇਆ ਪਰ ਲਖਪਤ ਰਾਏ ਨੇ ਹੁਣ ਲਾਹੌਰ ਦੇ ਸਿਖਾਂ ਨੂੰ ਉਕਾ ਹੀ ਖਤਮ ਕਰਨ ਦਾ ਕੰਮ ਅਰੰਭਿਆ। ਉਹ ਹੱਥ ਧੋ ਕੇ ਸਿਖਾਂ ਮਗਰ ਪੈ ਗਿਆ। ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ ਉਦੋਂ ਤਕ ਸਿਖਾਂ ਦੇ ਜਿਤਨੇ ਵੀ ਕਤਲਾਮ ਹੋਏ ਉਹ ਸਿੰਘਾਂ ਦੇ ਹੀ ਹੋਏ। ਹੁਣ ਤਾਂ ਲਖਪਤ ਰਾਏ ਨੇ ਹਰ ਸਿਖ ਨੂੰ, ਅੰਮ੍ਰਿਤਧਾਰੀ ਖਾਲਸਾ, ਜਾਂ ਸਹਿਜਧਾਰੀ ਸਿੱਖਾਂ ਸਭ ਨੂੰ ਮਾਰ ਮੁਕਾਨ ਦੀ ਠਾਨ ਲਈ। ਅੰਮ੍ਰਿਤਧਾਰੀ ਤਿਆਰ ਬਰ ਤਿਆਰ ਸਿੰਘ ਤਾਂ ਦੂਰੋਂ ਹੀ ਪਛਾਣੇ ਜਾ ਸਕਦੇ ਸਨ। ਹੁਣ ਜਦ ਉਸ ਨੇ ਸਹਿਜਧਾਰੀਆਂ ਨੂੰ ਵੀ ਖਤਮ ਕਰ ਦੇਣ ਦਾ ਹੁਕਮ ਜਾਰੀ ਕੀਤਾ ਤਾਂ ਹਰ ਪ੍ਰਕਾਰ ਦੇ ਸਿੱਖਾਂ ਨੂੰ ਪਛਾਣਨ ਲਈ ਉਸ ਨੇ ਇਹ ਹਦਾਇਤਾਂ ਕੀਤੀਆਂ ਕਿ ਜੋ ਵੀ ਗੁਰੂ ਦੀ ਬਾਣੀ ਪੜ੍ਹਦਾ ਸੁਣਦਾ ਦੇਖਿਆ ਜਾਏ ਜਾਂ ਗੁਰੂ ਦਾ ਨਾਮ ਲੈਂਦਾ ਵੀ ਤੱਕਿਆ ਜਾਏ ਤਾਂ ਉਸ ਹੈ ਫੜ ਕੇ ਮਾਰ ਦਿੱਤਾ ਜਾਏ। ਉਸ ਨੇ ਲਾਹੌਰ ਸ਼ਹਿਰ ਤੇ ਸਾਰੇ ਸੂਬੇ ਵਿਚ ਇਹ ਡੌਂਡੀ ਕਰਵਾ ਦਿਤੀ ਕਿ ਕੋਈ ਵਾਹਿਗੁਰੂ ਦਾ ਨਾਮ ਨਾ ਲਵੇ, ਗੁੜ ਨੂੰ ਰੋੜੀ ਕਿਹਾ ਜਾਏ ਕਿਉਂਕਿ ਗੁੜ ਸ਼ਬਦ ਕਹਿਣ ਨਾਲ ਗੁਰੂ ਯਾਦ ਆਉਂਦਾ ਹੈ। ਗੁਰਬਾਣੀ ਕੋਈ ਨਾ ਪੜ੍ਹੇ। ਗ੍ਰੰਥ ਕੋਈ ਨਾ ਆਖੇ 'ਪੰਥ' ਆਖੇ।

ਲਖਪਤ ਨੇ ਗੁਰੂ ਦੀ ਬਾਣੀ ਦੀਆਂ ਪੋਥੀਆਂ ਲੱਭ ਲੱਭ ਕੇ ਅਗਨੀ ਤੇ ਪਾਣੀ ਦੀ ਭੇਟ ਕੀਤੀਆਂ। ਇੰਜ ਉਸ ਨੇ ਸੂਬੇ ਭਰ ਵਿਚੋਂ ਅਨੇਕਾਂ ਸਿਖ ਧਰਮ ਦੀਆਂ ਪੋਥੀਆਂ ਖਤਮ ਕਰ ਦਿਤੀਆਂ ਤੇ ਸੈਂਕੜੇ ਧਰਮਸਾਲਾਂ ਢਾਹ ਢੇਰੀ ਕਰ ਦਿਤੀਆਂ।

ਲਖਪਤ ਰਾਏ ਨੇ ਬੜੇ ਜੋਸ਼ ਵਿਚ ਸਿਖਾਂ ਵਿਰੁਧ ਕਾਰਵਾਈਆਂ ਆਰੰਭੀਆਂ। ਉਸ ਨੇ ਸਭ ਤੋਂ ਪਹਿਲਾਂ ਲਾਹੌਰ ਸ਼ਹਿਰ ਦੇ ਸਾਰੇ ਸਿਖ ਦੁਕਾਨਦਾਰ ਤੇ ਸਰਕਾਰੀ ਨੌਕਰ ਚਾਕਰ ਗ੍ਰਿਫਤਾਰ ਕੀਤੇ। ਫਿਰ ਉਨ੍ਹਾਂ ਨੂੰ ਸ਼ਹਿਰ ਦੇ ਨੀਵੀਆਂ ਜ਼ਾਤੀਆਂ ਦੇ ਹਵਾਲੇ ਕੀਤਾ ਗਿਆ ਤੇ ਹੁਕਮ ਦਿਤਾ ਗਿਆ ਕਿ ਇਨ੍ਹਾਂ ਦੇ ਕੇਸਾਂ ਵਾਲੀਆਂ ਖੋਪਰੀਆਂ ਲਾਹ ਦਿਓ,[55] ਜਾਂ ਹੋਰ ਦੂਜੇ ਤਸੀਹੇ ਦੇ ਕੇ ਮਾਰ ਮੁਕਾਓ। ਇਸ ਲਈ ਸੋਮਵਾਰ ੧੦ ਮਾਰਚ, ੧੭੪੬ ਦਾ ਦਿਨ ਮਿਥਿਆ ਗਿਆ। ਜਿਥੇ ਹਜ਼ਾਰਾਂ ਸਿਖ ਫੜ ਕੇ ਜੱਲਾਦਾਂ ਦੇ ਸਪੁਰਦ ਕੀਤੇ ਹੋਏ ਸਨ ਉਥੇ ਪੰਦਰਾਂ ਸਿੰਘ ਜੋ ਕਿ ਪਹਾੜ ਦੇ ਰਾਜੇ ਪਾਸ ਨੌਕਰ ਸਨ ਫੜੇ ਹੋਏ ਲਾਹੌਰ ਲਿਆਂਦੇ ਗਏ। ਉਹ ਭੀ ਜੱਲਾਦਾਂ ਦੇ ਹਵਾਲੇ ਕੀਤੇ ਗਏ।[56]

## ਸੋਮਵਾਰੀ ਮੱਸਿਆ ਦਾ ਮਨਹੂਸ ਦਿਨ :

੧੦-੧੧ ਮਾਰਚ, ੧੭੪੬ ਸੋਮਵਾਰੀ ਅਮਾਵਸ ਸੀ। ਜਦ ਲਾਹੌਰ ਦੇ ਹਿੰਦੂਆਂ



Digitized by Panjab Digital Library | www.panjabdigilib.org

ਨੇ ਤਕਿਆ ਕਿ ਲਖਪਤ ਆਪਣੀ ਜ਼ਿਦ ਤੇ ਅੜਿਆ ਹੋਇਆ ਹੈ ਤਾਂ ਉਨ੍ਹਾਂ ਵਿਚੋਂ ਕੁਝ ਕੁ ਉਸ ਦੇ ਪਾਸ ਗਏ ਤੇ ਕਹਿਣ ਲੱਗੇ ਕਿ ਸੋਮਵਾਰੀ ਮੱਸਿਆ ਕਈ ਸਾਲਾਂ ਬਾਦ ਆਈ ਹੈ। ਫਿਰ ਪਤਾ ਨਹੀਂ ਸਾਡੀ ਜ਼ਿੰਦਗੀ ਵਿਚ ਆਵੇ ਕਿ ਨਾ ਆਵੇ। ਘਟੋ ਘੱਟ ਤੂੰ ਇਸ ਦਿਨ ਸਿੰਘਾਂ ਦਾ ਕਤਲਾਮ ਨਾ ਕਰ। ਪਰ ਉਸ ਨੇ ਜਿਵੇਂ ਵਫਦ ਵਿਚ ਆਏ ਦੀਵਾਨਾਂ ਤੇ ਆਪਣੇ ਗੁਰੂ ਜਗਤ ਭਗਤ ਨੂੰ ਉਤਰ ਦਿਤਾ ਸੀ, ਇੰਜ ਹੀ ਇਨ੍ਹਾਂ ਨੂੰ ਕੋਰਾ ਜਵਾਬ ਦੇ ਦਿਤਾ ਤੇ ਆਪਣੇ ਹੱਠ ਤੇ ਕਾਇਮ ਰਿਹਾ। ਉਸ ਨੇ ਆਖਿਆ ਕਿ ਜਿਤਨੇ ਭੀ ਸਿਖ ਲਾਹੌਰ ਕੈਦ ਹੋਏ ਆਏ ਹਨ ਸਾਰੇ ਦੇ ਸਾਰੇ ਹੀ ਕਤਲ ਕਰ ਦਿਓ।

ਸਾਰੇ ਸਿੰਘ ਕਤਲ ਕਰ ਦਿਤੇ ਗਏ। ਇਹ ਭਾਣਾ ੧੩ ਚੇਤ ੧੮੦੨ ਬਿਕ੍ਰਮੀ ਨੂੰ ਵਰਤਿਆ।[57]

ਜਾਪਦਾ ਇੰਜ ਹੈ ਕਿ ਨਾ ਕੇਵਲ ਲਾਹੌਰ ਵਿਚੋਂ ਫੜੇ ਹੋਏ ਸਿਖ ਹੀ ਉਸ ਦਿਨ ਸ਼ਹੀਦ ਹੋਏ ਸਗੋਂ ਬਾਹਰੋਂ ਪਕੜ ਕੇ ਲਿਆਂਦੇ ਹੋਏ ਸੈਂਕੜੇ ਸਿਖਾਂ ਦਾ ਵੀ ਇਥੇ ਕਤਲਾਮ ਕੀਤਾ ਗਿਆ।

ਲਾਹੌਰ ਵਿਚ ਜ਼ੁਲਮ ਹੁੰਦੇ ਦੇਖ ਕੇ ਸਿਖਾਂ ਨੇ ਲਾਹੌਰ ਦੇ ਇਰਦ ਗਿਰਦ ਦੇ ਜੰਗਲਾਂ ਤੇ ਰਾਵੀ ਦੇ ਕੰਢਿਓਂ ਡੇਰੇ ਚੁਕ ਲਏ। ਕਈ ਤਾਂ ਪਹਿਲਾਂ ਹੀ ਦੂਰ ਪਹਾੜੀ ਇਲਾਕਿਆਂ ਵਿਚ ਤੇ ਜੰਗਲਾਂ ਵਿਚ ਜਾ ਛੁਪੇ ਸਨ। ਹੁਣ ਹੋਰ ਵੀ ਸਿੰਘਾਂ ਨੇ ਝਲਾਂ ਤੇ ਝਿੜਾਂ ਵਲ ਮੂੰਹ ਕਰ ਲਿਆ। ਬਹੁਤ ਸਾਰੇ ਸਿੰਘ ਰਾਵੀ ਦੇ ਸੱਜੇ ਕੰਢੇ ਪਹਾੜ ਤੋਂ ਲਹਿੰਦੇ ਵਲ ਹੋ ਟੁਰੇ। ਸਿੰਘਾਂ ਦੀ ਗਿਣਤੀ ਚੌਦਾਂ ਪੰਦਰਾਂ ਹਜ਼ਾਰ ਹੋ ਗਈ, ਇਨ੍ਹਾਂ ਨੇ ਕਾਨੂੰਵਾਣ, ਬਸੋਹਲੀ[58] ਪੜੋਲ ਤੇ ਕਠੂਹੇ ਵਲ ਰੁਖ ਕੀਤਾ।

ਜਦ ਸਿੰਘਾਂ ਨੇ ਚਾਲੇ ਪਾਏ ਤਾਂ ਰਾਵੀ ਦੇ ਨਾਲ ਨਾਲ ਨਿਕਲੇ। ਉਦੋਂ ਕੁਝ ਸ਼ਾਹੀ ਫੌਜਾਂ ਨੇ ਉਨ੍ਹਾਂ ਦਾ ਪਿਛਾ ਕੀਤਾ। ਦਸ ਕੁ ਦਿਨ ਮਗਰੋਂ ਇਕ ਜੰਗਲ ਦੇ ਨੇੜੇ ਰਾਤ ਦੇ ਸਮੇਂ ਸਿੰਘਾਂ ਦਾ ਜਥਾ ਰੁਕਿਆ। ਦੁਸ਼ਮਨ ਦੇ ਫੌਜੀ ਦਸਤੇ ਵੀ ਥੋੜ੍ਹੀ ਦੂਰ ਪਿਛੇ ਰੁਕ ਗਏ। ਉਨ੍ਹਾਂ ਨੇ ਜਦ ਰਾਤ ਡੇਰਾ ਕੀਤਾ ਤਾਂ ਸਿੰਘਾਂ ਨੇ ਚੰਗਾ ਮੌਕਾ ਦੇਖ ਕੇ ਅਚਾਨਕ ਛਾਪਾ ਮਾਰਨ ਦੀ ਨੀਤੀ ਵਰਤੀ। ਕਈਆਂ ਨੂੰ ਥਾਂ ਤੇ ਹੀ ਚਿੱਤ ਕੀਤਾ ਤੇ ਉਨ੍ਹਾਂ ਦਾ ਅਸਲਾ ਆਦਿ ਕਾਬੂ ਕੀਤਾ।[59] ਇਥੇ ਬਹੁਤੇ ਸਿੰਘ ਤਾਂ ਕਾਨੂੰਵਾਣ ਦੇ ਛੰਭ ਵਲ ਹੋ ਤੁਰੇ, ਪਰ ਕੁਝ ਸਿੰਘ ਬਸੋਹਲੀ ਪਹੁੰਚੇ। ਉਨ੍ਹਾਂ ਨੂੰ ਇਹ ਦੇਖ ਕੇ ਨਿਰਾਸਤਾ ਹੋਈ ਕਿ ਉਨ੍ਹਾਂ ਦੇ ਬਸੋਹਲੀ ਪਹੁੰਚਣ ਤੋਂ ਪਹਿਲਾਂ ਹੀ ਲਾਹੌਰੋਂ ਇਹ ਹੁਕਮ ਪਹੁੰਚ ਚੁਕੇ ਸਨ ਕਿ ਕਿਸੇ ਭੀ ਸਿਖ ਨੂੰ ਕੋਈ ਸਿਰ ਲੁਕਾਣ ਦੀ ਥਾਂ ਨਾ ਦੇਵੇ।[60] ਲਖਪਤ ਰਾਏ ਨੇ ਪਹਾੜ ਦੇ ਚੌਧਰੀਆਂ ਤੇ ਨੰਬਰਦਾਰਾਂ ਦੇ ਨਾਮ ਹੁਕਮ ਜਾਰੀ ਕੀਤੇ ਕਿ ਉਹ ਸਿੰਘਾਂ ਨੂੰ ਰੋਕਣ। ਕੋਈ ਸਿੰਘ ਪਿੰਡਾਂ ਵਿਚ ਮਿਲੇ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਏ ਜਾਂ ਮਾਰ ਦਿਤਾ ਜਾਏ। ਕਿਸੇ ਰਸਤੇ ਭੀ ਅਗਾਂਹ ਨਾ ਲੰਘਣ ਦਿਤਾ ਜਾਏ।[61]



Digitized by Panjab Digital Library | www.panjabdigilib.org

ਉਧਰ ਲਾਹੌਰ ਦੇ ਦੁਕਾਨਦਾਰ ਤੇ ਨੌਕਰ ਚਾਕਰ ਸਿੰਘਾਂ ਜਾਂ ਇਰਦ ਗਿਰਦ ਤੋਂ ਫੜ ਕੇ ਲਿਆਂਦੇ ਸਿਖਾਂ ਨੂੰ ਜਲਾਂਦਾਂ ਹਥੋਂ ਮਰਵਾ ਕੇ ਹੁਣ ਵੱਡੀ ਫੌਜ ਇਕੱਠੀ ਕਰਨ ਦੀ ਤਿਆਰੀ ਕੀਤੀ। ਉਸ ਨੇ ਮੁਲਤਾਨ, ਬਹਾਵਲਪੁਰ, ਕਸੂਰ, ਜਲੰਧਰ ਦੁਆਬਾ ਤੇ ਕਈ ਹੋਰ ਥਾਵਾਂ ਤੋਂ ਦੂਰ ਨੇੜਿਓਂ ਫੌਜਾਂ ਮੰਗਵਾਈਆਂ।[62]

ਲਖਪਤ ਰਾਏ ਨੇ ਯਾਹੀਯਾ ਖਾਨ ਕੋਲੋਂ ਆਪਣੇ ਇਲਾਕੇ ਦੇ ਵੱਖ ਵੱਖ ਚੋਧਰੀਆਂ ਤੇ ਫੌਜਦਾਰਾਂ ਨੂੰ ਪ੍ਰਵਾਨੇ ਜਾਰੀ ਕਰਵਾਏ, ਜਿਨ੍ਹਾਂ ਵਿਚ ਲਿਖਿਆ ਸੀ ਕਿ ਉਹ ਆਪਣੇ-੨ ਫੌਜੀ ਦਸਤੇ ਲੈ ਕੇ ਲਾਹੌਰ ਪਹੁੰਚਣ। ਜਦ ਇਸ ਨੂੰ ਇਹ ਪਤਾ ਲੱਗਾ ਕਿ ਸਿੰਘ ਭੀ ਭਾਰੀ ਗਿਣਤੀ ਵਿਚ ਇਕ ਥਾਂ ਤੇ ਇਕੱਠੇ ਹੋ ਰਹੇ ਹਨ ਤੇ ਉਨ੍ਹਾਂ ਦੀਆਂ ਫੌਜਾਂ ਇਕੱਠੀਆਂ ਹੋ ਕੇ ਚੱਲ ਰਹੀਆਂ ਹਨ ਤਾਂ ਉਸ ਨੇ ਇਹ ਵਿਚਾਰ ਕੀਤੀ ਕਿ ਸਰਕਾਰੀ ਲਸ਼ਕਰ ਬਹੁਤ ਹੀ ਵੱਡਾ ਹੋਣਾ ਚਾਹੀਦਾ ਹੈ। ਵੱਖ ਵੱਖ ਇਲਾਕਿਆਂ ਤੋਂ ਜੋ ਫੌਜਾਂ ਮੰਗਵਾਈਆਂ ਗਈਆਂ ਉਹ ਲਾਹੌਰ ਵਲ ਚਲ ਪਈਆਂ। ਕੁਝ ਨਵੀਂ ਫੌਜ ਭੀ ਭਰਤੀ ਕੀਤੀ ਗਈ।[63]

ਇੰਜ ਭਾਰੀ ਫੌਜ ਇਕੱਠੀ ਕਰਕੇ ਅੱਗੇ ਅੱਗੇ ਵੱਡੀਆਂ ਤੋਪਾਂ ਤੋਰੀਆਂ ਗਈਆਂ ਤੇ ਪਿਛੇ ਜੰਬੂਰੇ ਰੱਖੇ ਗਏ। ਉਨ੍ਹਾਂ ਦੇ ਮਗਰ ਰਹਕਲੇ ਤੇ ਬੰਦੂਕਾਂ ਸਨ। ਫਿਰ ਪਿਛੇ ਵੱਡੀ ਫੌਜ ਪੈਦਲ, ਤੀਰਾਂ, ਤਲਵਾਰਾਂ, ਭਾਲਿਆਂ ਤੇ ਨੇਜਿਆਂ ਆਦਿ ਨਾਲ ਸੀ। ਸਿੰਘਾਂ ਨੂੰ ਜਦ ਪਤਾ ਲਗਾ ਕਿ ਲਖਪਤ ਰਾਏ ਇੰਜ ਉਨ੍ਹਾਂ ਉਪਰ ਬਹੁਤ ਵਡੀ ਤਿਆਰੀ ਕਰਕੇ ਆ ਰਿਹਾ ਹੈ ਤਾਂ ਉਨ੍ਹਾਂ ਜਿਤਨਾ ਵੀ ਅੰਨ ਪੱਠਾ ਮਿਲਿਆ ਇਕੱਠਾ ਕਰ ਲਿਆ। ਇਧਰੋਂ ਉਧਰੋਂ ਸਿੰਘ ਕੁਝ ਘੋੜੇ ਤੇ ਸ਼ਸਤਰ ਆਦਿ ਵੀ ਲੈ ਆਏ।[64]

ਰਿਆੜਕੀ ਵਿਚ ਸ਼ਾਹੀ ਫੌਜ਼ ਟਿਡੀ ਦਲ ਵਾਂਗੂੰ ਫਿਰ ਰਹੀ ਸੀ। ਹਰ ਪਿੰਡ ਹਰ ਨਗਰ ਸ਼ਾਹੀ ਫੌਜਾਂ ਦੇ ਸਿਪਾਹੀ ਦਿਸਦੇ ਸਨ। ਉਨ੍ਹਾਂ ਨੂੰ ਜਿਥੇ ਜਿਥੇ ਵੀ ਕੋਈ ਦਿਸਿਆ ਉਸ ਨੂੰ ਕਤਲ ਕਰ ਦਿਤਾ ਗਿਆ। ਸਿਖ ਨੂੰ ਹਰ ਥਾਂ ਗੋਲੀਆਂ ਤੇ ਪੱਥਰਾਂ ਦੀ ਬੁਛਾੜ ਦਾ ਸਾਹਮਣਾ ਕਰਨਾ ਪੈਂਦਾ। ਇਕੱਲੇ ਦੁਕੱਲੇ ਸਿਖ ਬਚ ਨਹੀਂ ਸਨ ਸਕਦੇ। ਸਾਰੇ ਸਿਖ ਇਕੋ ਥਾਂ ਤਾਂ ਇਕੱਠੇ ਹੋਣੇ ਔਖੇ ਸਨ, ਪਰ ਫਿਰ ਵੀ ਕਾਫੀ ਗਿਣਤੀ ਵਿਚ ਲੜਦੇ ਮਰਦੇ ਕਾਹਨੂੰਵਾਣ ਦੇ ਛੰਭ ਦੇ ਇਰਦ ਗਿਰਦ ਦੇ ਜੰਗਲ ਵਿਚ ਜਾ ਲੁਕੇ। ਇਸ ਜੰਗਲ ਵਿਚ ਚੋਖਾ ਸ਼ਿਕਾਰ ਲਭਦਾ ਸੀ। ਘੋੜਿਆਂ ਲਈ ਘਾਹ ਪੱਠਾ ਵੀ ਚੋਖਾ ਸੀ। ਸਿੰਘਾਂ ਇਥੇ ਆ ਡੇਰੇ ਲਾਏ। ਇਥੇ ਉਹ ਕੰਦਮੂਲ, ਸਾਗ ਪੱਤਰ ਆਦਿ ਖਾ ਕੇ ਜਾਂ ਸ਼ਿਕਾਰ ਕਰਕੇ ਦਿਨ ਕੱਟਣ ਲਗੇ।

ਲਖਪਤ ਰਾਏ ਤੇ ਉਸ ਦੀਆਂ ਫੌਜਾਂ ਪਿੱਛਾ ਕਰਦੀਆਂ ਇਸ ਜੰਗਲ ਤੱਕ ਪਹੁੰਚ ਗਈਆਂ। ਕੁਝ ਸਿਖ ਤਾਂ ਪਹਿਲਾਂ ਹੀ ਕਾਫੀ ਚਿਰ ਤੋਂ ਇਸ ਛੰਭ ਕੋਲ ਰਹਿੰਦੇ ਸਨ, ਇਸ ਲਈ ਉਨ੍ਹਾਂ ਨੂੰ ਇਸ ਝਿੜੀ ਦੇ ਗੁਪਤ ਰਸਤਿਆਂ ਦਾ ਪਤਾ ਸੀ। ਇਸ ਜੰਗਲ਼ ਵਿਚ



Digitized by Panjab Digital Library | www.panjabdigilib.org

ਜੋ ਸਿਖ ਸਨ ਉਹ ਸਾਰੇ ਇਕ ਥਾਂ ਤੇ ਨਹੀਂ ਸਨ ਟਿਕੇ । ਉਨ੍ਹਾਂ ਨੇ ਜਥੇ ਵੰਡ ਲਏ ਤੇ ਜੰਗਲ ਵਿਚ ਵਖ ਵਖ ਥਾਈਂ ਡੇਰੇ ਕਰ ਲਏ ।

ਲਖਪਤ ਰਾਏ ਕਲਾਨੌਰ ਦੇ ਖਤਰੀਆਂ ਵਿਚੋਂ ਸੀ । ਕਲਾਨੌਰ ਕਾਨੂਵਾਣ ਤੋਂ ਥੋੜੇ ਕੋਹ ਹੀ ਦੂਰ ਹੈ । ਇਸ ਇਲਾਕੇ ਦਾ ਹੋਣ ਕਰਕੇ ਅਤੇ ਕੁਝ ਇਸ ਇਲਾਕੇ ਦੇ ਖੱਤਰੀ ਰਿਸ਼ਤੇਦਾਰ ਹੋਣ ਕਰਕੇ ਉਸ ਨੂੰ ਕਾਨੂਵਾਣ ਦੀ ਛੰਭ ਦੇ ਕੁਝ ਕੁ ਰਸਤਿਆਂ ਦਾ ਵੀ ਪਤਾ ਸੀ । ਉਸ ਨੂੰ ਇਹ ਵੀ ਪਤਾ ਸੀ ਕਿ ਕਾਫ਼ੀ ਗਿਣਤੀ ਵਿਚ ਸਿੰਘ ਕਾਨੂਵਾਣ, ਜੋ ਕਿ ਕਾਫੀ ਸੁਰੱਖਿਅਤ ਥਾਂ ਹੈ, ਪਹਿਲਾਂ ਹੀ ਡੇਰਾ ਲਾਈ ਬੈਠੇ ਹਨ । ਉਸ ਨੂੰ ਪਤਾ ਲਗ ਗਿਆ ਕਿ ਸਿਖ ਭਾਰੀ ਗਿਣਤੀ ਵਿਚ ਕਾਨੂਵਾਣ ਦੇ ਜੰਗਲ ਵਿਚ ਆਪਣੇ ਸਾਥੀਆਂ ਕੋਲ ਜਾ ਛੁਪੇ ਸਨ ।

ਲਖਪਤ ਰਾਏ ਫੌਜਾਂ ਨੂੰ ਜੰਗਲ ਤਕ ਤਾਂ ਲੈ ਆਇਆ ਪਰ ਸਾਰੀ ਫੌਜ ਜੰਗਲ ਵਿਚ ਤੋਪਾਂ, ਜੰਬੂਰਾਂ ਤੇ ਰਹਕਲਿਆਂ ਨਾਲ ਅਤੇ ਘੋੜਿਆਂ ਤੇ ਊਠਾਂ ਆਦਿ ਨਾਲ ਜੰਗਲ ਵਿਚ ਦਾਖਲ ਨਹੀਂ ਸੀ ਹੋ ਸਕਦੀ । ਇਸ ਲਈ ਜੰਗਲ ਨੂੰ ਅੱਗ ਲਾ ਕੇ ਰਸਤੇ ਚੌੜੇ ਕੀਤੇ ਗਏ ਅਤੇ ਖਾਲਸੇ ਦੀਆਂ ਫੌਜਾ ਨੂੰ ਘੇਰ ਕੇ ਮਾਰਨ ਦੀ ਵਿਉਂਤ ਬਣਾਈ ਗਈ ।

ਸਿੰਘਾਂ ਲਈ ਬੜੀ ਬਿਪਤਾ ਦਾ ਸਮਾਂ ਸੀ । ਇਕ ਤਾਂ ਉਹ ਦੁਸ਼ਮਣ ਦੇ ਮੁਕਾਬਲੇ ਵਿਚ ਗਿਣਤੀ ਵਿਚ ਥੋੜੇ ਸਨ । ਦੂਜੇ ਉਨ੍ਹਾਂ ਕੋਲ ਵੈਰੀ ਜਿਤਨਾ ਸਿੱਕਾ ਬਰੂਦ ਵੀ ਨਹੀਂ ਸੀ । ਨਾਲੇ ਜੰਗਲ ਦਾ ਵਾਸਾ ਸੀ ਜਿਥੇ ਹਰ ਚੀਜ਼ ਮਿਲਣੀ ਸੰਭਵ ਨਹੀਂ ਸੀ । ਭੁਖ ਦਾ ਦੁਖ ਤੇ ਵੈਰੀਆਂ ਦੇ ਘੇਰੇ ਵਿਚ ਆ ਜਾਣ ਦੇ ਡਰ ਨਾਲ ਉਹ ਛਾਪਾਮਾਰ ਲੜਾਈ ਹੀ ਕਰਦੇ ਸਨ । ਬੱਝ ਕੇ ਲੜਨਾ ਉਨ੍ਹਾਂ ਲਈ ਹਾਨੀਕਾਰਕ ਸੀ ਤੇ ਬਹੁਤ ਹੀ ਮੁਸ਼ਕਲ ਵੀ ।

ਦੁਸ਼ਮਨ ਦੀਆਂ ਫੌਜਾਂ ਨੇ ਸਹਿਜੇ ਸਹਿਜੇ ਕਾਨੂਵਾਣ ਦੇ ਛੰਭ ਦਾ ਘੇਰਾ ਘਤਣਾ ਸੁਰੂ ਕਰ ਦਿਤਾ । ਸਿੰਘਾਂ ਲਈ ਹੁਣ ਐਸੀ ਹਾਲਤ ਸੀ – ਇਕ ਪਾਸੇ ਤਾਂ ਪਹਾੜੀਆਂ ਸਨ ਤੇ ਲਹਿੰਦੇ ਵਲ ਦਰਿਆ ਰਾਵੀ ਲਗਦਾ ਸੀ । ਚੜ੍ਹਦੇ ਪਾਸੇ ਬਿਆਸ ਸੀ । ਇਥੇ ਜੋ ਸਿੰਘ ਇਕੱਠੇ ਸਨ ਉਹ ਜੇ ਬਸੋਹਲੀ ਜਾਂ ਕਠੂਹੇ ਵਲ ਜਾਣਾ ਚਾਹੁਣ ਤਾਂ ਰਸਤੇ ਵਿਚ ਪਹਾੜੀ ਇਲਾਕਾ ਸੀ ਤੇ ਰਸਦ ਪਾਣੀ ਦੀ ਭਾਰੀ ਸਮੱਸਿਆ ਸੀ ।

ਸ਼ਾਹੀ ਫੌਜ ਨੂੰ ਹਰ ਤਰ੍ਹਾਂ ਦੀ ਕੁਮਕ ਪਹੁੰਚ ਰਹੀ ਸੀ ਅਤੇ ਪਿਛਲੇ ਪਾਸਿਉ ਸ਼ਾਹੀ ਫੌਜ ਹੋਰ ਅਗਾਂਹ ਵਧਦੀ ਆ ਰਹੀ ਸੀ । ਇੰਜ ਸਿੱਖਾਂ ਦੇ ਜਥੇ ਇਕ ਤਿਕੋਨ ਵਿਚ ਫਸ ਗਏ । ਉਨ੍ਹਾਂ ਦੇ ਇਕ ਜਥੇ ਨੇ ਰਾਵੀ ਪਾਰ ਕਰਨ ਦਾ ਯਤਨ ਕੀਤਾ । ਪਾਣੀ ਦੀ ਡੂੰਘਾਈ ਤੇ ਵਹਿਣ ਦਾ ਜ਼ੋਰ ਦੇਖਣ ਲਈ ਸ: ਗੁਰਦਿਆਲ ਸਿੰਘ ਤੇ ਸ: ਹਰਦਿਆਲ ਸਿੰਘ ਡੱਲੇਵਾਲ ਦੇ ਦੋ ਭਰਾਵਾਂ ਨੇ ਦਰਿਆ ਵਿਚ ਘੋੜੇ ਠੇਲ ਦਿਤੇ । ਪਰ ਉਥੇ ਪਾਣੀ ਦੀ ਰਫ਼ਤਾਰ ਇਤਨੀ ਤੇਜ਼ ਸੀ ਕਿ ਉਹ ਰੁੜ੍ਹ ਗਏ । ਇਥੇ ਹੀ ਕੁਝ ਹੋਰ ਸਿੰਘ ਭੀ ਦਰਿਆ ਦੀ ਭੇਟ ਹੋ ਗਏ ।[65]



Digitized by Panjab Digital Library | www.panjabdigilib.org

ਇਨ੍ਹਾਂ ਸਿੰਘਾਂ ਵਿਚੋਂ ਕੁਝ ਬਸੋਹਲੀ ਤੇ ਕਠੂਹੇ ਵਲ ਗਏ ਪਰ ਉਥੇ ਦੇ ਰਾਜਪੂਤਾਂ ਨੇ ਉਥੇ ਥਾਂ ਦੇਣ ਤੋਂ ਇਨਕਾਰ ਕਰ ਦਿਤਾ ਤੇ ਸਗੋਂ ਉਨ੍ਹਾਂ ਨੇ ਸਿੰਘਾਂ ਦਾ ਮੁਕਾਬਲਾ ਕੀਤਾ। ਇੰਜ ਕੁਝ ਸਿੰਘ ਜਥੇ ਉਧਰੋਂ ਵਾਪਸ ਪਰਤ ਆਏ।[66]

ਸਿੰਘਾਂ ਦੇ ਜਥੇਦਾਰਾਂ ਨੇ ਇਹ ਸਲਾਹ ਦਿਤੀ ਕਿ ਜੋ ਪੈਦਲ ਹਨ ਉਹ ਪਹਾੜਾਂ ਵਲ ਹੋ ਤੁਰਨ। ਜੋ ਘੋੜ ਸਵਾਰ ਹਨ ਉਹ ਤੇਜੀ ਨਾਲ ਘੋੜੇ ਭਜਾ ਕੇ ਵੈਰੀ ਦੀਆਂ ਸਫਾਂ ਚੀਰ ਕੇ ਪਾਰ ਹੋਣ। ਇੰਜ ਜਿਸ ਜਿਸ ਦੀ ਜਾਨ ਬਚੇ ਬਚਾ ਲਵੇ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਅਨੁਸਾਰ ਜੋ ਸਿੰਘ ਕੁਲੂ ਤੇ ਮੰਡੀ ਦੀਆਂ ਪਹਾੜੀਆਂ ਵਲ ਚਲ ਗਏ ਉਹ ਬਚ ਗਏ, ਪਰ ਉਨ੍ਹਾਂ ਨੂੰ ਬਹੁਤ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ। ਔਖੇ ਸੌਖੇ ਉਹ ਪਹਾੜੀ ਇਲਾਕਿਆਂ ਵਿਚ ਹੁੰਦੇ ਹੋਏ ਅੰਤ ਕੀਰਤਪੁਰ ਵਿਖੇ ਖਾਲਸਾ ਫੌਜ ਨਾਲ ਜਾ ਰਲੇ। ਇੰਜ ਇਨ੍ਹਾਂ ਸਿੰਘਾਂ ਨੇ ਪਹਾੜੀ ਇਲਾਕਿਆਂ ਵਿਚ ਕੋਈ ਛੇ ਕੁ ਮਹੀਨੇ ਬਤੀਤ ਕੀਤੇ।[67]

ਜਿਨ੍ਹਾਂ ਘੋੜ ਸਵਾਰਾਂ ਨੇ ਦੁਸ਼ਮਨ ਦੀਆਂ ਸਫ਼ਾਂ ਚੀਰ ਕੇ ਲੰਘਣ ਦਾ ਯਤਨ ਕੀਤਾ ਉਨ੍ਹਾਂ ਵਿਚੋਂ ਕਾਫੀ ਗੋਲੀਆਂ ਦਾ ਸ਼ਿਕਾਰ ਹੋ ਗਏ। ਇੰਜ ਜਦ ਸ: ਸੁਖਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਿੰਘ ਮਰਦੇ ਦੇਖੇ ਤਾਂ ਉਨ੍ਹਾਂ ਖਾਲਸੇ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਹੁਣ ਮੈਦਾਨ ਵਿਚ ਆਮੋ ਸਾਹਮਣੇ ਹੋ ਕੇ ਹੀ ਲੜਨਾ ਪਵੇਗਾ। ਦਰਿਆ ਵਿਚ ਡੁਬਣ ਜਾਂ ਪਹਾੜਾਂ ਵਿਚ ਜਾ ਕੇ ਭਟਕਣ ਨਾਲੋਂ ਤਾਂ ਚੰਗਾ ਹੈ ਕਿ ਸਨਮੁਖ ਹੋ ਕੇ ਦੋ ਹਥ ਵਿਖਾ ਕੇ ਸ਼ਹੀਦ ਹੋਈਏ। ਇਹ ਸੁਣ ਕੇ ਖਾਲਸਾ ਦੀਆਂ ਫੌਜਾਂ ਲੜਨ ਲਈ ਤਿਆਰ ਹੋ ਗਈਆਂ।[68]

ਮੁਕਾਬਲਾ ਸਖਤ ਸੀ। ਭਾਵੇਂ ਸਿੱਖਾਂ ਨੂੰ ਹਰ ਤਰ੍ਹਾਂ ਦੀ ਤੋਟ ਸੀ ਪਰ ਉਨ੍ਹਾਂ ਹਿੰਮਤ ਨਾ ਹਾਰੀ। ਮੁਖੀ ਸਰਦਾਰਾਂ ਨਾਲ ਹੋ ਕੇ ਉਨ੍ਹਾਂ ਸ਼ਾਹੀ ਫੌਜ ਨਾਲ ਟੱਕਰ ਲਈ। ਭਿਆਨਕ ਜੁਧ ਹੋਇਆ। ਭਾਈ ਸੁਖਾ ਸਿੰਘ ਦੀ ਕਮਾਨ ਹੇਠ ਸਿੰਘਾਂ ਦਾ ਵਡਾ ਜਥਾ ਦੁਸ਼ਮਨ ਤੇ ਟੁੱਟ ਕੇ ਪੈ ਗਿਆ। ਉਨ੍ਹਾਂ ਭਾਵੇਂ ਦੁਸ਼ਮਨ ਦੇ ਚੋਖੇ ਆਹੂ ਲਾਹੇ, ਪਰ ਵੈਰੀਆਂ ਦੀ ਫੌਜ ਗਿਣਤੀ ਵਿਚ ਜ਼ਿਆਦਾ ਸੀ ਅਤੇ ਸਿੰਘ ਚਾਰ-ਚੁਫੇਰਿਓਂ ਘਿਰ ਗਏ ਸਨ। ਭਾਈ ਸੁੱਖਾ ਸਿੰਘ ਲਖਪਤ ਰਾਏ ਵਲ ਵਧ ਰਿਹਾ ਸੀ। ਇਕ ਗੋਲੀ ਉਸ ਦੀ ਲੱਤ ਨੂੰ ਆ ਵੱਜੀ। ਫੱਟੜ ਹਾਲਤ ਵਿਚ ਵੀ ਉਸ ਨੇ ਹਿੰਮਤ ਨਾ ਹਾਰੀ। ਪਗ ਪਾੜ ਕੇ ਲੱਤ ਕਾਠੀ ਦੇ ਹੰਨੇ ਨਾਲ ਬੰਨ੍ਹ ਲਈ ਅਤੇ ਤਲਵਾਰ ਚਲਾਂਦੇ ਹੋਏ ਘੋੜਾ ਅਗੇ ਵਧਾਈ ਗਿਆ। ਇਸ ਘੇਰੇ ਵਿਚ ਸੈਂਕੜੇ ਹੀ ਸਿੱਖ ਮਾਰੇ ਗਏ।

ਇਸ ਘੇਰੇ ਦੇ ਦੌਰਾਨ ਕਿਸੇ ਕਿਸੇ ਵੇਲੇ ਸਿੰਘ ਦਾਅ ਲੱਗਣ ਤੇ ਸ਼ਾਹੀ ਫੌਜਾਂ ਉਪਰ ਪੈ ਜਾਂਦੇ। ਇਕ ਰਾਤ ਸ਼ਾਹੀ ਫੌਜ ਆਰਾਮ ਕਰ ਰਹੀ ਸੀ ਤਾਂ ਅਚਾਨਕ ਸਿੱਖਾਂ ਨੇ ਉਨ੍ਹਾਂ ਤੇ ਹਮਲਾ ਕਰ ਦਿੱਤਾ। ਕੁਝ ਫੌਜੀ ਵੱਢ ਸੁਟੇ ਤੇ ਲੁਟਮਾਰ ਕਰ ਕੇ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ। ਸਿੰਘਾਂ ਦੇ ਹੱਥ ਕੁਝ ਅਸਲਾ ਤੇ ਸ਼ਸਤਰ ਵੀ ਆਏ।



Digitized by Panjab Digital Library | www.panjabdigilib.org

ਸ਼ਾਹੀ ਫੌਜਾਂ ਨੇ ਅਨੇਕਾਂ ਸਿੰਘਾਂ ਨੂੰ ਮੁੜ ਜੰਗਲ ਵਲ ਧਕ ਦਿਤਾ। ਇਨ੍ਹਾਂ ਉਪਰ ਸ਼ਾਹੀ ਫੌਜਾਂ ਨੇ ਹੀ ਨਹੀਂ ਸਗੋਂ ਇਲਾਕੇ ਦੇ ਮੁਲਖੱਈਏ ਨੇ ਵੀ ਹਮਲਾ ਕੀਤਾ। ਇਰਦ ਗਿਰਦ ਪਿੰਡਾਂ ਵਿਚੋਂ ਹਜਾਰਾਂ ਲੋਕੀਂ ਇਕੱਠੇ ਕਰਕੇ ਸਿੰਘਾਂ ਉਪਰ ਹਮਲਾ ਕਰਵਾਇਆ ਗਿਆ। ਇੰਜ ਵਡੇ ਘਮਸਾਨ ਵਿਚ ਲਗਪਗ ਨੌ ਦਸ ਹਜ਼ਾਰ ਸਿੰਘ ਥਾਂ ਤੇ ਹੀ ਮਾਰੇ ਗਏ।[69]

ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਇਸ ਮੌਕੇ ਤੇ ਸਿੰਘਾਂ ਦੇ 50 ਜਥੇ ਸਨ। ਇਸ ਘਲੂਘਾਰੇ ਵਿਚ ਚਾਲੀ ਜਥੇ ਸ਼ਹੀਦ ਹੋ ਗਏ।[70]

ਇਸ ਘੁਲੂਘਾਰੇ ਵਿਚ ਜਸਪਤ ਰਾਏ ਦਾ ਲੜਕਾ ਹਰਿਭਜ ਵੀ ਮਾਰਿਆ ਗਿਆ ਅਤੇ ਇਕ ਪ੍ਰਸਿਧ ਫੌਜਦਾਰ ਨਾਹਰਖਾਨ ਵੀ ਕਤਲ ਹੋਇਆ।[71] ਇੰਜ ਸ਼ਾਹੀ ਫੌਜ ਦਾ ਵੀ ਬਹੁਤ ਨੁਕਸਾਨ ਹੋਇਆ।

ਦੋ ਕੁ ਹਜ਼ਾਰ ਸਿੰਘ ਔਖੇ ਸੌਖੇ ਰਾਵੀ ਨੂੰ ਪਾਰ ਕਰਨ ਵਿਚ ਸਫਲ ਹੋ ਗਏ, ਜਦ ਉਹ ਦਰਿਆ ਦੇ ਪੂਰਬੀ ਪਾਸੇ ਵਲ ਆਏ ਤਾਂ ਸਖਤ ਗਰਮੀ ਦੇ ਕਾਰਣ ਦਰਿਆ ਦੇ ਕੰਢੇ ਪਈ ਰੇਤ ਤਪ ਰਹੀ ਸੀ ਜਿਸ ਕਾਰਨ ਉਹਨਾਂ ਦੇ ਬਿਖੜੇ ਪੈਂਡੇ ਵਿਚ ਹੋਰ ਵਾਧਾ ਹੋ ਗਿਆ। ਜ਼ਖਮੀ ਤੇ ਭੁਖੇ ਸਿੰਘਾਂ ਵਿਚੋਂ ਬਹੁਤੇ ਤਾਂ ਨੰਗੇ ਪੈਰੀਂ ਸਨ। ਉਹਨਾਂ ਨੂੰ ਜਦ ਇਥੇ ਤਪਦੀ ਰੇਤ ਉਪਰ ਤੁਰਨਾ ਪਿਆ ਤਾਂ ਬਹੁਤ ਕਸ਼ਟ ਹੋਇਆ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਸਿੰਘਾਂ ਨੇ ਆਪਣੇ ਕਪੜੇ ਪਾੜ ਪਾੜ ਕੇ ਪੈਰ ਲਪੇਟੇ ਤਾਂ ਜੋ ਉਹ ਅਗੇ ਵਧ ਸਕਣ। ਇਨ੍ਹਾਂ ਸਿੰਘਾਂ ਦੀ ਅਗਵਾਈ ਭਾਈ ਸੁਖਾ ਸਿੰਘ ਕਰ ਰਹੇ ਸਨ। ਕੁਝ ਹੋਰ ਸਿੰਘਾਂ ਦੇ ਛੋਟੇ ਛੋਟੇ ਜਥੇ ਵੀ ਇਹਨਾਂ ਨਾਲ ਆ ਰਲੇ। ਇੰਜ ਇਹ ਸਭ ਲੜਦੇ ਭਿੜਦੇ ਤੇ ਬਚਦੇ ਬਚਾਉਂਦੇ ਸ੍ਰੀ ਹਰਿਗੋਬਿੰਦਪੁਰ ਦੇ ਪਤਣ ਵਲ ਹੋਏ। ਇਥੋਂ ਇਹਨਾਂ ਨੇ ਬਿਆਸ ਨਦੀ ਪਾਰ ਕੀਤੀ।

ਯਾਹੀਯਾ ਪੁਰ ਦੇ ਲਾਗੇ ਸਿੰਘ ਆਪਣੀਆਂ ਢਾਲਾਂ ਭਖਦੀ ਰੇਤ ਵਿਚ ਗਰਮ ਕਰਕੇ ਉਨ੍ਹਾਂ ਉਪਰ ਰੋਟੀਆਂ ਪਕਾ ਕੇ ਲੰਗਰ ਬਣਾਉਨ ਹੀ ਬੈਠੇ ਸਨ ਕਿ ਪਠਾਣਾਂ ਦਾ ਇਕ ਦਸਤਾ ਇਹਨਾਂ ਉਪਰ ਆ ਪਿਆ। ਇਥੇ ਸਿੰਘ ਇਨ੍ਹਾਂ ਪਠਾਣਾਂ ਨੂੰ ਚੰਗੀ ਤਰ੍ਹਾਂ ਨਿਪਟ ਲੈਂਦੇ ਪਰ ਉਨ੍ਹਾਂ ਨੂੰ ਪਤਾ ਲੱਗਾ ਕਿ ਲਖਪਤ ਰਾਏ ਅਜੇ ਭੀ ਸ਼ਾਹੀ ਫ਼ੌਜ ਲੈ ਕੇ ਉਹਨਾਂ ਦਾ ਪਿੱਛਾ ਕਰੀ ਆ ਰਿਹਾ ਹੈ।[72]

ਸਹਿਜੇ ਸਹਿਜੇ ਉਹ ਰਸਤੇ ਬਦਲ ਕੇ ਕੁਝ ਕੋਹ ਅਗੇ ਨਿਕਲ ਗਏ। ਸ਼ਾਹੀ ਫੌਜ ਪਿਛਾਂਹ ਖਲੋ ਗਈ। ਚੌਧਰੀਆਂ ਪਾਸ ਇਤਨੀ ਫੌਜ ਨਹੀਂ ਸੀ ਕਿ ਜਿਆਦਾ ਦੇਰ ਪਿੱਛਾ ਕਰਦੇ। ਇੰਜ ਕੁਝ ਸਿੰਘ ਦੁਆਬੇ ਪੁੱਜੇ। ਉਥੇ ਉਹਨਾਂ ਆਰਾਮ ਕੀਤਾ ਤੇ ਲੰਗਰ ਦਾ ਇੰਤਜਾਮ ਕੀਤਾ।[73]



Digitized by Panjab Digital Library | www.panjabdigilib.org

ਇਸ ਮਗਰੋਂ ਯਾਹੀਆ ਖਾਨ ਦੇ ਹੁਕਮ ਨਾਲ ਲਖਪਤ ਰਾਏ ਫੌਜਾਂ ਨੂੰ ਲਾਹੌਰ ਵਾਪਸ ਮੋੜ ਲਿਆਇਆ । ਉਹ ਲਗਭਗ ਇਕ ਹਜ਼ਾਰ ਸਿੰਘਾਂ ਨੂੰ ਲਾਹੌਰ ਲੈ ਆਇਆ । ਇਨ੍ਹਾਂ ਨੂੰ ਦਿੱਲੀ ਦਰਵਾਜ਼ੇ ਦੇ ਬਾਹਰ ਚੜ੍ਹਦੇ ਵਲ ਬਜ਼ਾਰ ਨਖ਼ਾਸ ਵਿਚ ਕਤਲ ਕੀਤਾ ਗਿਆ । ਇਸੇ ਅਸਥਾਨ ਤੇ ਜ਼ਕਰੀਆ ਖਾਨ ਵੇਲੇ ਵੀ ਬੇਸ਼ੁਮਾਰ ਸਿੰਘ ਕਤਲ ਕੀਤੇ ਜਾਂਦੇ ਰਹੇ ਸਨ । ਫਿਰ ਇਥੇ ਹੀ ਯਾਹੀਆ ਖਾਨ ਨੇ ਤੇ ਮਗਰੋਂ ਮੀਰ ਮੰਨੂੰ ਨੇ ਅਨੇਕਾਂ ਸਿੰਘ ਸ਼ਹੀਦ ਕੀਤੇ ।

ਮੁਫਤੀ ਗੁਲਾਮ ਸਰਵਰ ਕੁਰੇਸ਼ੀ ਇਸ ਘਲੂਘਾਰੇ ਬਾਰੇ ਲਿਖਦਾ ਹੈ ਕਿ "ਦੀਵਾਨ ਲਖਪਤ ਰਾਏ ਨੇ ਆਪ ਫੌਜ ਲੈ ਕੇ ਸਿੱਖਾਂ ਦੇ ਮਗਰ ਜਾ ਚੜ੍ਹਾਈ ਕੀਤੀ, ਪਰ ਉਸ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਸਿਖ ਭੱਜ ਕੇ ਜੰਮੂ ਜਾ ਪਹੁੰਚੇ ਸਨ । ਲਖਪਤ ਰਾਏ ਜੰਮੂ ਗਿਆ । ਸ਼ਹਿਰ ਦਾ ਘੇਰਾ ਘਤ ਕੇ ਬਹੁਤ ਸਾਰੇ ਸਿਖ ਉਥੇ ਕਤਲ ਕੀਤੇ ਅਤੇ ਦੋ ਹਜ਼ਾਰ ਸਿੱਖਾਂ ਨੂੰ ਕੈਦ ਕਰਕੇ ਲਾਹੌਰ ਲੈ ਆਇਆ ਅਤੇ ਨਖਾਸ ਚੌਕ ਵਿਚ ਸਭ ਦੇ ਸਿਰ ਧੜਾਂ ਤੋਂ ਵਖ ਕਰ ਦਿਤੇ ਗਏ, ਜਿਥੇ ਰਣਜੀਤ ਸਿੰਘ ਦੇ ਵੇਲੇ ਸਿੱਖਾਂ ਨੇ ਸ਼ਹੀਦ ਗੰਜ ਬਣਵਾਇਆ ।[74]

ਇਸ ਗੱਲ ਦੀ ਪ੍ਰੋੜ੍ਹਤਾ ਮੌਲਵੀ ਮੁਹੰਮਦ ਲਤੀਫ਼ ਕਰਦੇ ਹਨ । ਉਹ ਲਿਖਦੇ ਹਨ ਕਿ ਲਾਹੌਰ ਤੋਂ ਲਖਪਤ ਰਾਏ ਈਸਾਖ਼ਾਨ ਦੀ ਫੌਜ ਨੂੰ ਨਾਲ ਲੈ ਕੇ ਸਿੱਖਾਂ ਨੂੰ ਦਬਾਣ ਲਈ ਗਿਆ ਪਰ ਸਿੱਖ ਜੰਮੂ ਵਲ ਦੌੜ ਗਏ । ਇਹ ਵੀ ਉਨ੍ਹਾਂ ਦਾ ਪਿੱਛਾ ਕਰਦੇ ਉਥੇ ਪੁੱਜਾ । ਇਕ ਹਜ਼ਾਰ ਨੂੰ ਪਕੜ ਕੇ ਲਾਹੌਰ ਲੈ ਆਇਆ । ਪਹਿਲਾਂ ਉਨ੍ਹਾਂ ਦਾ ਜਲੂਸ ਕਢਿਆ ਗਿਆ, ਫਿਰ ਉਨ੍ਹਾਂ ਨੂੰ ਦਿੱਲੀ ਦਰਵਾਜ਼ੇ ਬਾਹਰ ਨਖ਼ਾਸ ਚੌਕ ਵਿਚ ਜਿਥੇ ਪਹਿਲਾਂ ਘੋੜਾ ਮੰਡੀ ਸੀ ਕਤਲ ਕੀਤਾ । ਫਿਰ ਇਕ ਵਡਾ ਸਾਰਾ ਖੂਹ ਪੁੱਟ ਕੇ ਕਤਲ ਕੀਤੇ ਗਏ ਸਿੰਘਾਂ ਨੂੰ ਉਸ ਵਿਚ ਦਬ ਦਿਤਾ ਗਿਆ ।[75]

ਇਹ ਛੋਟਾ ਘਲੂਘਾਰਾ, ਜਿਸ ਦਾ ਹਾਲ ਵਿਸਥਾਰ ਨਾਲ ਉਪਰ ਲਿਖਿਆ ਗਿਆ ਹੈ, ੨ ਜੇਠ ਸੰਮਤ ੧੮੦੩ ਬਿਕ੍ਰਮੀ ਵਾਲੇ ਦਿਨ ਹੋਇਆ । ਇਹ ਮਿਤੀ ਮਈ ੧੭੪੬ ਬਣਦੀ ਹੈ ।[76]

## ਕੁਝ ਸਿੱਟੇ ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਣ (੧੭੦੮ ਈ:) ਤੋਂ ਲੈ ਕੇ ਛੋਟੇ ਘਲੂਘਾਰੇ ਤਕ ਅਨੇਕਾਂ ਸਿੱਖ ਸ਼ਹੀਦ ਹੋਏ । ਸੈਂਕੜੇ ਹੀ ਸਿੱਖਾਂ ਨੇ ਸ਼ਾਂਤਮਈ ਢੰਗ ਨਾਲ ਇਕੱਲਿਆਂ-੨ ਸ਼ਹੀਦੀਆਂ ਪ੍ਰਾਪਤ ਕੀਤੀਆਂ । ਕਈਆਂ ਨੇ ਮੈਦਾਨ ਵਿਚ ਨਿਤਰ ਕੇ ਵੀ ਸਮੇਂ ਦੀ ਸਰਕਾਰ ਨੂੰ ਵੰਗਾਰਿਆ । ਸਿਖਾਂ ਉਪਰ ਮੁਸੀਬਤਾਂ ਦੇ ਝਖੜ ਝੂਲੇ ਪਰ ਉਨ੍ਹਾਂ ਹਿੰਮਤ ਨਾ ਹਾਰੀ ਤੇ ਆਪਣੇ ਉਚੇ ਆਦਰਸ਼ਾਂ ਨੂੰ ਕਾਇਮ ਰਖਿਆ ।



Digitized by Panjab Digital Library | www.panjabdigilib.org

ਛੋਟੇ ਘਲੂਘਾਰੇ ਵਿਚ ਕਤਲਾਮ ਤੋਂ ਪਹਿਲਾਂ ਅਨੇਕ ਪ੍ਰਕਾਰ ਦੇ ਤਸੀਹੇ ਸਹਿੰਦੇ ਹੋਏ ਜੋ ਸੈਂਕੜੇ ਸਿਖ ਸ਼ਹੀਦ ਹੋਏ ਸਨ ਉਨ੍ਹਾਂ ਦੀ ਯਾਦ ਖਾਲਸਾ ਜੀ ਦੀ ਅਰਦਾਸ ਵਿਚ ਨਿਤ ਤਾਜ਼ਾ ਕੀਤੀ ਜਾਂਦੀ ਹੈ । ਇਸ ਭਾਵ ਦੇ ਸ਼ਬਦ ਸਿੱਖਾਂ ਦੀ ਅਰਦਾਸ ਦਾ ਅੰਗ ਬਣ ਗਏ ਜੋ ਹੁਣ ਤਕ ਖਾਲਸਾ ਜੀ ਦੀ ਨਿਤ ਦੀ ਅਰਦਾਸ ਵਿਚ ਦੁਹਰਾਏ ਜਾਂਦੇ ਹਨ :

ਜਿਨ੍ਹਾਂ ਧਰਮ ਪਿਛੇ ਸੀਸ ਦਿਤੇ,  
ਬੰਦ ਬੰਦ ਕਟਵਾਏ  
ਪੁਠੀਆਂ ਖੱਲਾਂ ਲੁਹਾਈਆਂ,  
ਰੰਬੀਆਂ ਨਾਲ ਖੋਪਰੀਆਂ ਉਤਰਵਾਈਆਂ  
ਚਰਖੜੀਆਂ ਤੇ ਚੜ੍ਹੇ  
ਸੀ ਨਹੀਂ ਕੀਤੀ  
ਧਰਮ ਨਹੀਂ ਹਾਰਿਆ,  
ਤਿਨ੍ਹਾਂ ਪਿਆਰਿਆਂ ਸੱਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ  
ਬੋਲੋ ਜੀ ਵਾਹਿਗੁਰੂ"

ਇੰਜ ਛੋਟੇ ਘਲੂਘਾਰੇ ਦੇ ਵਾਪਰਣ ਤਕ ਸਿੱਖਾਂ ਨੇ ਅਨੇਕ ਕੁਰਬਾਨੀਆਂ ਦਿਤੀਆਂ । ਇਸ ਸਮੇਂ ਹੀ ਸਿੰਘਾਂ ਦੀ ਅਰਦਾਸ ਦਾ ਇਹ ਭਾਗ ਬਣਿਆ, ਜਿਸ ਵਿਚ ਧਰਮ ਲਈ ਤੇ ਧਰਮ-ਯੁਧ ਵਿਚ ਜੂਝਣ ਵਾਲਿਆਂ ਲਈ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਤੇ ਖਾਲਸੇ ਦੀ ਚੜ੍ਹਦੀ ਕਲਾ ਲਈ ਅਰਦਾਸ ਹੁੰਦੀ । ਇਹ ਸੰਬੂਹ ਖਾਲਸੇ ਦੀ ਅਰਦਾਸ ਬਣ ਗਈ :

"ਪ੍ਰਿਥਮੈ ਸੰਬੂਹ ਖਾਲਸੇ ਜੀ ਕੀ ਅਰਦਾਸ,  
ਸੰਬੂਹ ਖਾਲਸੇ ਜੀ ਕੋ  
ਵਾਹਿਗੁਰੂ ਵਾਹਿਗੁਰੂ ਨਾਮ ਚਿਤ ਆਵੈ,  
ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੈ ।  
ਜਹਾਂ ਜਹਾਂ ਖਾਲਸਾ ਜੀ ਸਾਹਿਬ,  
ਤਹਾਂ ਤਹਾਂ ਰੱਛਿਆ ਰਿਆਇਤ;  
ਦੇਗ ਤੇਗ ਫਤਹ  
ਬਿਰਦ ਕੀ ਪੈਜ,  
ਪੰਥ ਕੀ ਜੀਤ,  
ਸ੍ਰੀ ਸਾਹਿਬ ਜੀ ਸਹਾਇ,  
ਖਾਲਸੇ ਜੀ ਕੇ ਬੋਲ ਬਾਲੇ,  
ਬੋਲਣਾ ਜੀ ਸ੍ਰੀ ਵਾਹਿਗੁਰੂ ।  
ਸਿੱਖਾਂ ਦਾ ਮਨ ਨੀਵਾਂ, ਮਤ ਉਚੀ,



Digitized by Panjab Digital Library | www.panjabdigilib.org

ਮਤਿ ਪਤਿ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ ।
ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ,
ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ,
ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ
ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟਲ
ਧਰਮ ਕਾ ਜੈਕਾਰ,
ਬੋਲੋ ਜੀ ਵਾਹਿਗੁਰੂ ।''

ਸਿੱਖਾਂ ਇਤਨੀ ਵਡੀ ਕੁਰਬਾਨੀ ਦਿੱਤੀ ਪਰ ਕਤਲਾਮ ਦੇ ਬਾਵਜੂਦ ਉਨ੍ਹਾਂ ਦੇ ਹੌਸਲੇ ਉਚੇ ਰਹੇ । ਇਹ ਇਕ ਵੱਡਾ ਤਜਰਬਾ ਸੀ । ਸਿੱਖਾਂ ਨੂੰ ਪਤਾ ਲਗ ਗਿਆ ਕਿ ਘਟ ਗਿਣਤੀ ਦੇ ਥੋੜੇ ਅਸਲੇ ਨਾਲ ਵੀ ਕਿਵੇਂ ਵਡੀਆਂ ਵੱਡੀਆਂ ਫ਼ੌਜਾਂ ਤੇ ਹਥਿਆਰਬੰਦ ਘੋੜ ਸਵਾਰਾਂ ਤੇ ਤੋਪਾਂ ਬੰਦੂਕਾਂ ਦਾ ਮੁਕਾਬਲਾ ਕਰਨਾ ਹੈ । ਉਨ੍ਹਾਂ ਆਪਣੇ ਪੱਕੇ ਇਰਾਦੇ, ਜੁਰੱਅਤ ਤੇ ਹੌਸਲੇ ਦੇ ਨਾਲ ਨਾਲ ਤੁਰਤ ਫੈਸਲਾ ਕਰਕੇ ਜੰਗੀ ਕਾਰਵਾਈ ਕਰਨ ਦਾ ਮੁਜ਼ਾਹਰਾ ਕੀਤਾ । ਸਿੰਘਾਂ ਨੇ ਛੇਤੀ ਹੀ ਇਹ ਦਸ ਦਿਤਾ ਕਿ ਉਨ੍ਹਾਂ ਨੂੰ ਗੁਰੂ ਦੀ ਸ਼ਕਤੀ ਉਪਰ ਅਟਲ ਵਿਸ਼ਵਾਸ ਹੈ । ਉਨ੍ਹਾਂ ਆਪਣੀ ਏਕਤਾ ਤੇ ਦ੍ਰਿੜ੍ਹਤਾ ਦਾ ਵੀ ਮੁਜ਼ਾਹਰਾ ਕੀਤਾ । ਇਸ ਦੌਰਾਨ ਹੀ ਸਿੰਘਾਂ ਨੇ ਆਪਣੇ ਬੋਲੇ ਘੜੇ ।

ਸਿੰਘਾਂ ਨੇ ਆਹਮੋ-ਸਾਹਮਣੇ ਹੋ ਕੇ ਲੜਨ ਦੇ ਨਾਲ ਨਾਲ ਛਾਪੇ ਮਾਰ ਲੜਾਈਆਂ ਦੀ ਜਾਚ ਸਿੱਖੀ । ਸਹਿਜੇ ਸਹਿਜੇ ਮਿਸਲਾਂ ਕਾਇਮ ਹੋਈਆਂ ਤੇ ਥਾਉਂ ਥਾਈਂ ਸਿੰਘ ਫੌਜ਼ਾਂ, ਘੋੜਿਆਂ ਤੇ ਸ਼ਸਤਰਾਂ ਨਾਲ ਤਿਆਰ ਹੋਣ ਲਗ ਪਈਆਂ ।

ਛੋਟੇ ਘਲੂਘਾਰੇ ਤੋਂ ਦੋ ਕੁ ਸਾਲ ਬਾਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ੧੭੪੮ਈ: ਵਿਚ ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਕਤਲ ਕਰਕੇ ਬਹੁਤ ਇਲਾਕਾ ਆਪਣੇ ਕਬਜ਼ੇ ਵਿਚ ਲੈ ਆਂਦਾ । ਫਿਰ ਇਕ ਸਾਲ ਮਗਰੋਂ ੧੭੪੯ ਈ: ਵਿਚ ਸ਼ਾਹਨਵਾਜ ਨੂੰ ਮੁਲਤਾਨੋਂ ਖਾਰਿਜ ਕਰਨ ਲਈ ਦੀਵਾਨ ਕੌੜਾ ਮਲ ਨੂੰ ਭਾਰੀ ਸਹਾਇਤਾ ਦਿਤੀ । ੧੭੫੩ ਈ: ਵਿਚ ਜਲੰਧਰ ਦੇ ਹਾਕਿਮ ਅਦੀਨਾ ਬੇਗ ਨੂੰ ਜਿੱਤ ਕੇ ਫਤਿਹ-ਅਬਾਦ ਪਰਗਣੇ ਉਪਰ ਕਬਜ਼ਾ ਕੀਤਾ ਅਤੇ ਫਿਰ ਸੰਨ ੧੭੫੮ ਈ: ਵਿਕ ਕੁਝ ਸਮਾਂ ਖਾਲਸਾ ਦਲ ਨਾਲ ਮਿਲ ਕੇ ਲਾਹੌਰ ਉਤੇ ਕਬਜ਼ਾ ਕੀਤਾ ।

ਛੋਟੇ ਘਲੂਘਾਰੇ ਦੇ ਰੂਪ ਵਿਚ ਦਸ਼ਮੇਸ਼ ਗੁਰੂ ਤੋਂ ਬਾਦ ਸਮੂਚੀ ਸਿੱਖ ਕੌਮ ਨੇ ਪਹਿਲੀ ਵਾਰ ਮਿਲ ਕੇ ਬਲੀਦਾਨ ਦਿਤਾ, ਪਰ ਉਨ੍ਹਾਂ ਮਨ ਨਾ ਹਾਰਿਆ । ਦਿੱਲੀ ਦੀ ਸਰਕਾਰ ਤੇ ਲਾਹੌਰ ਦੇ ਸੂਬੇ ਦੀਆਂ ਫੌਜਾਂ ਇਕ ਪਾਸੇ ਸਨ ਤੇ ਸਿਖ ਦੂਜੇ ਪਾਸੇ । ਸਰਕਾਰੀ ਫੌਜਾਂ ਕੋਲ ਸੰਸਾਰਕ ਸ਼ਕਤੀ ਸੀ ਤੇ ਗੁਰੂ ਕੀਆਂ ਫੌਜਾਂ ਕੋਲ ਆਤਮਕ ਬਲ ਦੇ ਆਸਰੇ ਚੜ੍ਹਦੀ ਕਲਾ ਸੀ । ਇਸ ਵਿਚ ਭਾਵੇਂ ਹਜ਼ਾਰਾਂ ਸਿਖ ਸ਼ਹੀਦ ਹੋਏ ਪਰ ਅੰਤ ਕਿਸ ਦੀ ਜਿਤ ਹੋਈ ? ਅਗਲੀ ਅਧੀ ਸਦੀ ਵਿਚ ਹੋਣ ਵਾਲੇ ਹਾਲਾਤ ਨੇ ਦਸਿਆ ਕਿ ਕਿਵੇਂ ਸਿਖਾਂ



Digitized by Panjab Digital Library | www.panjabdigilib.org

ਨੇ ਗੁਰੂ ਉਪਰ ਨਿਸ਼ਚੇ, ਆਪਣੀ ਕੁਰਬਾਨੀ, ਚੜ੍ਹਦੀ ਕਲਾ ਤੇ ਏਕਤਾ ਨਾਲ ਪੰਜਾਬ ਉਪਰ ਆਪਣਾ ਰਾਜ ਕਾਇਮ ਕਰ ਵਿਖਾਇਆ । ਇੰਜ ਨਾਦਰ ਸ਼ਾਹ ਦੀ ਪੇਸ਼ੀਨਗੋਈ ਸੱਚੀ ਸਾਬਤ ਹੋਈ ਜੋ ਕਿ ਉਸ ਨੇ ਯ ਹੀਆ ਖਾਨ ਨੂੰ ਚੇਤਾਵਨੀ ਦੇ ਰੂਪ ਵਿਚ ਦਿੱਤੀ ਸੀ । ਗਿਆਨੀ ਗਿਆਨ ਸਿੰਘ ਨੇ ਨਾਦਰ ਸ਼ਾਹ ਦੀ ਚੇਤਾਵਨੀ ਇਨ੍ਹਾਂ ਸਬਦਾਂ ਵਿਚ ਬਿਆਨ ਕੀਤੀ ਹੈ :

ਸੁਨ ਹਵਾਲ ਸਿੰਘਾਨ ਕਾ, ਨਾਦਰਸ਼ਾਹ ਵਿਸਮਾਇ ।
ਅੰਗੁਰੀ ਦਾਂਤਨ ਮੇ ਲਈ, ਗੈਰਤ ਹੈਰਤ ਖਾਇ ।
ਨਾਦਰ ਕਾਦਰ ਸੋਚ ਪੁਨ, ਕਹਯੋ ਨਵਾਬਹਿ ਐਸ ।
ਜੇ ਕਰ ਹੈਂ ਯਹਿ ਐਸ ਹੀ, ਭਾਖਤ ਹੋ ਤਮ ਜੈਸ ।
ਤੌ ਇਹ ਮਾਰੇ ਨ ਮਰੈਂ, ਜ਼ੀਤ ਸਕੈ ਇਨ ਕੌਨ ।
ਨਾਹਕ ਸਹਤ ਕਲੇਸ਼ ਤੁਮ, ਦੁਖ ਦੇਤ ਇਨ ਜੌਨ ।
ਮਾਰਤ ਹੋ ਤੁਮ ਆਪ ਹੀ, ਅਪਨੇ ਪੈਰ ਕੁਠਾਰ,
ਕੁਛ ਦਿਨ ਕੋ ਸਿੰਘ ਹੋਇ ਹੈ, ਭੂਪਤਿ ਮੁਲਕ ਮਝਾਰ ।[77]

## ਟੂਕਾਂ ਦੇ ਹਵਾਲੇ :

1. ਜ਼ਕਰੀਆ ਖਾਨ (ਖਾਨ ਬਹਾਦਰ) ਦਾ ਬੇਟਾ ਅਤੇ ਸ਼ਾਹਨਵਾਜ ਖਾਨ ਦਾ ਭਾਈ । ਇਹ ੨ ਸਾਵਨ ੨੮੦੨ ਸੰਮਤ (ਸੰਨ ੧੭੪੫) ਨੂੰ ਆਪਣੇ ਪਿਤਾ ਦੇ ਮਰਨ ਤੇ ਕੁਝ ਸਮਾ ਲਾਹੌਰ ਦਾ ਹਾਕਮ ਰਿਹਾ । ਇਸ ਨੇ ਸਿੱਖਾਂ ਨਾਲ ਲੜ ਭਿੜਦੇ ਸਮਾਂ ਬਿਤਾਇਆ ਅਤੇ ਅਨੇਕ ਧਰਮਵੀਰਾਂ ਨੂੰ ਵੱਡੇ ਦੁੱਖ ਦੇ ਕੇ ਮਾਰਿਆ । ਦੇਖੋ ਕਾਨ ਸਿੰਘ ਨਾਭਾ, ਮਹਾਨ ਕੋਸ਼, ਦੂਜੀ ਐਡੀਸ਼ਨ ਪੰਨਾ ੭੫੩) ।
2. ਇਹ ਇਤਿਹਾਸਕ ਨਗਰ ਕਲਾਨੌਰ (ਗੁਰਦਾਸਪੁਰ ਤੋਂ ੧੫ ਮੀਲ ਪੱਛਮ ਵਲ) ਗੁਰਦਾਸਪੁਰ ਜ਼ਿਲ੍ਹੇ ਦਾ ਇਕ ਵੱਡਾ ਨਗਰ ਹੈ, ਜਿਸ ਥਾਂ ਅਕਬਰ ਬਾਦਸ਼ਾਹ ਦੀ ਤਖ਼ਤਨਸ਼ੀਨੀ ਦੀ ਰਸਮ ਅਦਾ ਹੋਈ ਸੀ, ਇਹ ਥਾਂ ਅਕਬਰ ਨੂੰ ਬਹੁ- ਪਿਆਰਾ ਸੀ । ਮੁਗ਼ਲ ਹਕੂਮਤ ਦੇ ਪਤਨ ਵੇਲੇ ਸੰਮਤ ੧੭੭੨ (੧੭੧੫ ਈ:) ਵਿਚ ਬੰਦਾ ਸਿੰਘ ਬਹਾਦਰ ਨੇ ਇਸ ਨੂੰ ਫਤਹਿ ਕੀਤਾ ਅਤੇ ਸੁਹਰਾਬ ਖ਼ਾਂ ਫੌਜਦਾਰ ਨੂੰ ਹਟਾ ਕੇ ਸਿੰਘ ਹਾਕਮ ਥਾਪੇ । ਲਖਪਤ ਰਾਏ ਏਸ ਥਾਂ ਦਾ ਖਤਰੀ ਸੀ । ਇਸਦੇ ਦੋ ਭਰਾ ਸਨ : ਜਸਪਤਿ ਰਾਏ ਤੇ ਨਰਪਤਿ ਰਾਏ । ਅਤੇ ਵਿਸਥਾਰ ਨਾਲ ਜ਼ਿਕਰ ਆਏਗਾ ਕਿ ਇਸ ਨੇ ਸਿਖਾਂ ਨਾਲ ਕਿਵੇਂ ਵੈਰ ਕਮਾਇਆ । ਕੁਝ ਸਮੇਂ ਲਈ ਅਹਿਮਦ ਸ਼ਾਹ ਦੁਰਾਨੀ ਦੇ ਹੁਕਮ ਨਾਲ ਲਖਪਤਿ ਰਾਏ ਲਾਹੌਰ ਦਾ ਹਾਕਮ ਭੀ ਰਿਹਾ ਸੀ । ਅੰਤ ਨੂੰ ਮੀਰ ਮਨੂੰ ਨੇ ਲਖਪਤਿ ਰਾਏ ਨੂੰ ਕੈਦ ਕਰਕੇ ਕੌੜਾ ਮਲ ਦੇ ਹਵਾਲੇ ਕੀਤਾ, ਜਿਸ ਨੇ ਮਗਰੋਂ ਉਸ ਨੂੰ ਸਿਖਾਂ ਹੱਥ ਸੌਂਪਿਆ । ਖਾਲਸੇ ਨੇ ਛੇ ਮਹੀਨੇ ਕੈਦ ਰਖ ਕੇ ਸੰਮਤ ੧੮੦੫ ਵਿਚ ਇਸ ਨੂੰ ਦੁਰਦਸ਼ਾ ਨਾਲ ਮਾਰਿਆ । (ਮਹਾਨ ਕੋਸ਼, ਪੰਨਾ ੭੯੧) ਜਸਪਤ ਰਾਏ ਏਮਨਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਵਿਚ ਆਮਲ ਸੀ,



Digitized by Panjab Digital Library | www.panjabdigilib.org

ਇਸ ਲਈ ਇਹ ਇਤਿਹਾਸ ਵਿਚ ਜਸਪਤ ਰਾਏ ਏਮਨਾਬਾਦੀਆ ਕਰਕੇ ਪ੍ਰਸਿਧ ਹੈ (ਦੇਖੋ ਗੰਡਾ ਸਿੰਘ ਮਹਾਰਾਜਾ ਕੌੜਾ ਮਲ ਬਹਾਦਰ, ਫੁਟ ਨੋਟ ਪੰਨਾ ੧੮) ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦੋ ਭਰਾਵਾਂ ਲਖਪਤ ਰਾਏ ਤੇ ਜਸਪਤਿ ਰਾਏ ਦਾ ਹਵਾਲਾ ਹੈ (ਦੇਖੋ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੩੭੬), ਪਰ ਭਾਈ ਕਾਨ੍ਹ ਸਿੰਘ ਨੇ ਤੀਜਾ ਭਰਾ ਨਰਪਤਿ ਰਾਏ ਭੀ ਲਿਖਿਆ ਹੈ (ਦੇਖੋ ਮਹਾਨ ਕੋਸ਼, ਪੰਨਾ ੭੯੧)

3. ਦੇਖੋ ਮਹਾਨ ਕੋਸ਼ ਪੰਨਾ ੩੩੧ ।

4. ਪ੍ਰਾਚੀਨ ਪੰਥ ਪ੍ਰਕਾਸ਼, ਸ੍ਰੀ ਗੁਰੂ ਪੰਥ ਪ੍ਰਕਾਸ਼ ਤੇ ਮਹਾਨ ਕੋਸ਼ ਵਿਚ ਨਾਮ ਕਾਨੂਵਾਣ ਹੀ ਹੈ ।

5. ਇਹ ਮੁਹੰਮਦ ਖਾਂ ਦਾ ਪੁਤਰ ਸੀ । ਔਰੰਗਜ਼ੇਬ ਦੇ ਸਮੇਂ ਇਹ ਮਨਸਬਦਾਰ ਦਰਬਾਰੀ ਸੀ । ਜਹਾਂਦਾਰ ਸ਼ਾਹ ਦੇ ਵੇਲੇ ਇਹ ਸਤ ਹਜ਼ਾਰੀ ਅਹੁਦੇਦਾਰ ਹੋਇਆ ਅਤੇ ਦਲੇਰ ਜੰਗ ਦਾ ਖਿਤਾਬ ਮਿਲਿਆ । ਫ਼ਰੁਖ਼ਸਿਯਰ ਦੇ ਸਮੇਂ ਸਿਖਾਂ ਨੂੰ ਹਾਰ ਦੇਣ ਲਈ ਇਹ ਕਸ਼ਮੀਰ ਤੋਂ ਬੁਲਾ ਕੇ ੨੨ ਫਰਵਰੀ ੧੭੧੩ ਨੂੰ ਲਾਹੌਰ ਦਾ ਸੂਬਾ ਥਾਪਿਆ ਗਿਆ । ਇਸ ਨੇ ਬਾਬਾ ਬੰਦਾ ਬਹਾਦਰ ਉਤੇ ਸ਼ਾਹੀ ਫੌਜ ਲੈ ਕੇ ਗੁਰਦਾਸਪੁਰ ਚੜ੍ਹਾਈ ਕੀਤੀ ਅਤੇ ਉਸ ਨੂੰ ਛਲ ਨਾਲ ਫੜ ਕੇ ਦਿੱਲੀ ਭੇਜਿਆ । ਇਸ ਦਾ ਦੇਹਾਂਤ ਮਹਾਨ ਕੋਸ਼ ਅਨੁਸਾਰ ੧੭੩੯ ਵਿਚ (ਦੇਖੋ ਪੰਨਾ ੫੨) ਅਤੇ ਡਾ: ਗੰਡਾ ਸਿੰਘ ਅਨੁਸਾਰ ਜਨਵਰੀ ੧੭੩੮ ਹੈ (ਦੇਖੋ ਮਹਾਰਾਜ ਕੌੜਾ ਮਲ ਬਹਾਦਰ, ਫੁਟ ਨੋਟ ਪੰਨਾ ੧੦) ।

6. ਜੋ ਕਿ ਖ਼ਾਨ ਬਹਾਦਰ ਤੇ ਹੱਯਬਰਿ-ਜੰਗ ਕਰਕੇ ਪ੍ਰਸਿਧ ਸੀ । ਇਹ ਯਾਹੀਯਾ ਖਾਨ ਤੇ ਸ਼ਾਹਨਵਾਜ਼ ਦਾ ਪਿਤਾ ਸੀ । ਉਸ ਵੇਲੇ ਦੇ ਸਿੰਘ ਇਸ ਨੂੰ ਖਾਨੂ ਸੱਦਦੇ ਸਨ । ਪੰਥ ਪ੍ਰਕਾਸ਼ ਵਿਚ ਇਹ ਨਾਉਂ ਆਮ ਆਇਆ ਹੈ । ਇਸ ਦਾ ਦੇਹਾਂਤ ੧੭੪੫ ਵਿਚ ਹੋਇਆ (ਦੇਖੋ ਮਹਾਨ ਕੋਸ਼ ਪੰਨਾ ੨੭੯) ।

7. ਮਗਰੋਂ ਇਹ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਦਾ ਦੀਵਾਨ ਹੋਇਆ । ਗੁਰੂ ਦਾ ਭਗਤ ਤੇ ਸਿਖਾਂ ਦਾ ਸਹਾਇਕ ਹੋਣ ਕਰਕੇ ਖਾਲਸਾ ਪੰਥ ਵਿਚ ਇਸ ਦਾ ਨਾਉਂ ਮਿੱਠਾ ਮੱਲ' ਪ੍ਰਸਿਧ ਹੋਇਆ । ਇਸ ਦਾ ਦੇਹਾਂਤ ਦੁਰਾਨੀਆਂ ਦੀ ਫੌਜ ਦਾ ਟਾਕਰਾ ਕਰਦੇ ਹੋਏ ਸੰਨ ੧੭੫੨ ਵਿਚ ਲਾਹੌਰ ਵਿਚ ਹੋਇਆ ।

8. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੮ ।

9. ਡਾ: ਗੋਕਲ ਚੰਦ ਨਾਰੰਗ, ਟ੍ਰਾਂਸਫਾਰਮੇਸ਼ਨ ਆਫ ਸਿਖਇਜ਼ਮ ।

10. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੮ ।

11. ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦੁਰ ਪੰਨਾ ੧੨ ।

12. ਗੰਡਾ ਸਿੰਘ, ਕੌੜਾ ਮਲ ਬਹਾਦੁਰ ਪੰਨਾ ੧੩ ।

13. ਫਾਰਸਟਰ, ਜਰਨੀ ਫ਼ਰਾਮ ਬੈਂਗਾਲ ਟੂ ਇੰਗਲੈਂਡ, ਜਿਲਦ ੧, ਪੰਨਾ ੨੭੨



Digitized by Panjab Digital Library | www.panjabdigilib.org

ਥਾਰਨਟਨ, ਹਿਸਟਰੀ ਆਫ ਦੀ ਪੰਜਾਬ, ਜਿਲਦ ੧, ਪੰਨਾ ੧੮੪ ।

14. ਗੰਡਾ ਸਿੰਘ, ਮਹਾਰਾਜਾ ਕੌੜਾ ਮੱਲ ਬਹਾਦੁਰ ਪੰਨਾ ੧੩ ।

15. ਰਤਨ ਸਿੰਘ ਭੰਗੂ ਨੇ ਨਾਦਰ ਸ਼ਾਹ ਦੀਆਂ ਫੌਜਾਂ ਨੂੰ ਲੁੱਟਣ ਤੇ ਜਕਰੀਆ ਖਾਨ ਨਾਲ ਹੋਈ ਗੱਲਬਾਤ ਬੜੇ ਵਿਸਥਾਰ ਨਾਲ ਦਿੱਤੀ ਹੈ । ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੮ ਤੋਂ ੨੮੧ ਤਕ, ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ, ਪੰਨਾ ੨੧੨, ਮੈਗੇਰਯਰ ਹਿਸਟਰੀ ਆਫ ਦੀ ਸਿਖਜ਼, ਪੰਨਾ ੧੧੫ ।

16. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੭੧ ।

17. ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੧੬ ।

18. ਇਸ ਨੇ ਸਰਦਾਰ ਮਤਾਬ ਸਿੰਘ ਮੀਰਾਂ ਕੋਟੀਏ ਨੂੰ ਲਾਹੌਰ ਫੜਵਾਇਆ ਤੇ ਹੋਰ ਅਨੇਕ ਸਿਖਾਂ ਦੇ ਪ੍ਰਾਣ ਲੈ ਕੇ ਹਾਕਮਾਂ ਤੋਂ ਇਨਾਮ ਪਾਏ ।

19. ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੧੬ ।

20. ਜਿਥੇ ਮਗਰੋਂ ਸਿੰਘਾਂ ਨੇ 'ਸ਼ਹੀਦ ਗੰਜ' ਨਾਮ ਦਾ ਗੁਰਦੁਆਰਾ ਬਣਾਇਆ, ਜਿਸ ਬਾਰੇ ੧੯੩੫ ਵਿਚ ਝਗੜਾ ਉਠ ਖੜਾ ਹੋਇਆ ਸੀ । ਤੇ ਸਿਖਾਂ ਨੂੰ ਐਜੀਟੇਸ਼ਨ ਕਰਨੀ ਪਈ ਤੇ ਅੰਤ ਜਿੱਤ ਪ੍ਰਾਪਤ ਕੀਤੀ ।

21. ਇਹ ਸਰਦਾਰ ਮਤਾਬ ਸਿੰਘ ਮੀਰਾਂ ਕੋਟੀਏ, ਜਿਸ ਨੇ ਮੱਸਾ ਰੰਘੜ ਦਾ ਸਿਰ ਵਢਿਆ ਸੀ, ਦਾ ਪੋਤਾ ਤੇ ਸਰਦਾਰ ਰਾਏ ਸਿੰਘ ਦਾ ਪੱਤਰ ਸੀ । ਇਹ ਸਰਦਾਰ ਸ਼ਿਆਮ ਸਿੰਘ ਕਰੋੜੀਆ ਦਾ ਦੋਹਤਾ ਸੀ । ਇਸ ਦੀ ਔਲਾਦ ਸਮਰਾਲੇ ਰਹਿੰਦੀ ਹੈ । (ਦੇਖੋ ਮਹਾਨ ਕੋਸ਼ ਪੰਨਾ ੫੯੪ ਤੇ ੫੯੫) ਸਪਸ਼ਟ ਹੈ ਕਿ ਭਾਈ ਰਤਨ ਸਿੰਘ ਭੰਗੂ ਨੂੰ ਕਈ ਹਾਲਾਤ ਘਰ ਤੋਂ ਹੀ ਵਿਸਥਾਰ ਸਹਿਤ ਪਤਾ ਲਗੇ ਸਨ ।

22. ਇਸ ਨੂੰ ਹਰਿਭਗਤ ਨਿਰੰਜਨੀਏ ਨੇ ਫੜਵਾਇਆ ਤੇ ਇਹ ੧੭੪੫ ਈ: ਵਿਚ ਲਾਹੌਰ ਦੇ ਹਾਕਮ ਦੇ ਹਥੋਂ ਚਰਖੜੀ ਤੇ ਚੜ੍ਹ ਕੇ ਸ਼ਹੀਦ ਹੋਇਆ । ਦੇਖੋ ਮਹਾਨ ਕੋਸ਼ ਪੰਨਾ ੬੯੮ ਤੇ ੭੦੭) ।

23. ਇਹ ਸਿੰਘ ਸਜ ਕੇ ਧਰਮ ਯੁੱਧਾਂ ਵਿਚ ਹਿੱਸਾ ਲੈਂਦਾ ਰਿਹਾ । ੧੫੫੩ ਈ: ਵਿਚ ਦੁਰਾਨੀਆਂ ਦੀ ਫੌਜ ਨਾਲ ਲੜਦੇ ਹੋਏ ਰਾਵੀ ਦੇ ਕੰਢੇ ਲਾਹੌਰ ਵਿਖੇ ਸ਼ਹੀਦ ਹੋਇਆ (ਦੇਖੋ ਮਹਾਨ ਕੋਸ਼, ਪੰਨਾ ੧੫੭) ।

24. ਮਹਾਨ ਕੋਸ਼, ਪੰਨਾ ੬੯੮ ।

25. ਮੀਆ ਅਬਦੁਲ ਲਤੀਫ, ਤਾਰੀਖ ਪੰਜਾਬ ਪੰਨਾ ੬੧ ।

26. ਨਿਰੰਜਨੀਆਂ ਨੇ ਸੂਬਾ ਲਾਹੌਰ ਪਾਸ ਝੂਠੀ ਸ਼ਿਕਾਇਤ ਕੀਤੀ ਕਿ ਭਾਈ ਤਾਰੂ ਸਿੰਘ ਡਾਕੂਆਂ ਨੂੰ ਪਨਾਹ ਦੇਂਦੇ ਹਨ । ਇਨ੍ਹਾਂ ਨੂੰ ਫੜ ਲਿਆ ਗਿਆ ਤੇ ਫਿਰ ਜਦ ਇਨ੍ਹਾਂ ਇਸਲਾਮ ਕਬੂਲ ਨਾ ਕੀਤਾ ਤਾਂ ਆਪ ਦੀ ਕੇਸਾਂ ਸਮੇਤ ਖੋਪਰੀ ਲਾਹੀ ਗਈ । (ਦੇਖੋ ਮਹਾਨ ਕੋਸ਼, ਦੂਜੀ ਐਡੀਸ਼ਨ, ਪੰਨਾ ੪੪੦) ।

27. ਇਸ ਦਿਨ ਹੀ ਜ਼ਕਰੀਆ ਖਾਨ ਦੀ ਮੌਤ ਹੋਈ । ਗਿਆਨੀ ਗਿਆਨ ਸਿੰਘ ਨੇ



Digitized by Panjab Digital Library | www.panjabdigilib.org

ਭਾਈ ਤਾਰੂ ਸਿੰਘ ਦੀ ਸ਼ਹੀਦੀ ਸੰਮਤ ੧੮੦੩ (੧੭੪੬ ਈ:) ਵਿਚ ਹੋਈ ਲਿਖੀ ਹੈ ।

28. ਵਿਸਥਾਰ ਲਈ ਵੇਖੋ ਮਹਾਨ ਕੋਸ਼, ਪੰਨਾ ੧੧੬ ਤੇ ੧੩੩ ਅਤੇ ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼ (ਕਰਤਾ ਤੇਜਾ ਸਿੰਘ ਤੇ ਗੰਡਾ ਸਿੰਘ ਪੰਨੇ ੧੨੯-੩੦) ।

29. ਆਨੰਦ ਰਾਮ, ਤਾਰੀਖਿ ਅਨੰਦ ਰਾਮ ਪੰਨਾ ੨੮੯ ਡਾ: ਛਾਬੜਾ ਦੇ ਹਵਾਲੇ ਨਾਲ- ਐਡਵਾਂਸਡ ਹਿਸਟਰੀ ਆਫ ਦੀ ਪੰਜਾਬ, ਪੰਨਾ ੩੭੩) ।

30. ਏਮਨਾਬਾਦ ਵਿਚ ਸਰਕਾਰੀ ਪਦਵੀ ਤੇ ਲਗੇ ਹੋਣ ਕਰਕੇ ਇਹ ਇਤਿਹਾਸ ਵਿਚ 'ਏਮਨਾਬਾਦੀਆ' ਕਰਕੇ ਪ੍ਰਸਿਧ ਹੈ ।

31. ਡਾ: ਜੀ. ਐਸ ਛਾਬੜਾ, ਐਡਵਾਸਡ ਹਿਸਟਰੀ ਆਫ ਦੀ ਪੰਜਾਬ, ਪੰਨਾ ੩੭੪ ।

32. ਆਹਲੂਵਾਲ ਦਾ ਵਸਨੀਕ ਸ: ਬਦਰ ਸਿੰਘ ਦਾ ਪੁੱਤਰ ੧੭੧੮ ਈ. ਵਿਚ ਪੈਦਾ ਹੋਇਆ । ਇਸ ਵੇਲੇ ੧੮ ਸਾਲ ਦਾ ਜੁਆਨ ਗਭਰੂ ਸੀ । ਇਸ ਨੂੰ ਨਵਾਬ ਕਪੂਰ ਸਿੰਘ ਦੀ ਸੰਗਤ ਮਿਲੀ ਤੇ ਪੰਥ ਦੀ ਸੇਵਾ ਕੀਤੀ । ਇਹ ਆਹਲੂਵਾਲੀਆ ਮਿਸਲ ਦੀ ਜਿੰਦ-ਜਾਨ ਸੀ । ਮਾਤਾ ਸੁੰਦਰੀ ਜੀ ਨੇ ਇਸ ਨੂੰ ਅਸ਼ੀਰਵਾਦ ਦੇ ਕੇ ਇਕ ਗੁਰਜ ਬਖਸ਼ੀ ਸੀ । ਆਚਰਨ ਦਾ ਉਚਾ ਤੇ ਧਰਮ ਦਾ ਪ੍ਰਚਾਰਕ ਸੀ । ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਇਸ ਤੋਂ ਅੰਮ੍ਰਿਤ ਛਕਿਆ ਸੀ । ਛੋਟੇ ਘਲੂਘਾਰੇ ਤੋਂ ਦੋ ਸਾਲ ਮਗਰੋਂ ਇਸ ਨੇ ਅੰਮ੍ਰਿਤਸਰ ਤੇ ਕਬਜ਼ਾ ਕੀਤਾ ਤੇ ਫਿਰ ਫਤਹ-ਆਬਾਦ ਦੇ ਪਰਗਣੇ ਨੂੰ ਆਪਣੇ ਕਬਜ਼ੇ ਵਿਚ ਲਿਆਂਦਾ ਅਤੇ ੧੭੫੮ ਈ: ਵਿਚ ਲਾਹੌਰ ਤੇ ਕਬਜ਼ਾ ਕੀਤਾ । ਵੱਡੇ ਘਲੂਘਾਰੇ ਵਿਚ ਬਹੁਤ ਵੀਰਤਾ ਵਿਖਾਈ । ੨੨ ਜ਼ਖਮ ਖਾ ਕੇ ਵੀ ਹੌਸਲੇ ਨਾਲ ਲੜਦਾ ਰਿਹਾ । ੧੭੭੪ ਈ: ਵਿਚ ਕਪੂਰਥਲਾ ਲੈ ਕੇ ਆਪਣਾ ਰਾਜ ਕਾਇਮ ਕੀਤਾ । ਇਹ ਬੜਾ ਬੀਰ, ਨਿਰਮਲ, ਦਾਨੀ ਤੇ ਸਦਾਚਾਰੀ ਸੀ । ੧੭੮੩ ਈ: ਵਿਚ ਦੇਹਾਂਤ ਹੋਇਆ । ਇਸ ਦੀ ਸਮਾਧ ਅੰਮ੍ਰਿਤਸਰ ਵਿਚ ਬਾਬਾ ਅਟੱਲ ਰਾਏ ਦੇ ਗੁਰਦੁਆਰੇ ਲਾਗੇ ਹੈ ।

33. ਜਿਸ ਨੇ ਮਤਾਬ ਸਿੰਘ ਨਾਲ ਰਲ ਕੇ ਮੱਸਾ ਰੰਘੜ ਦਾ ਸਿਰ ਵਢਿਆ ।

34. ਗਿਆਨੀ ਪ੍ਰਤਾਪ ਸਿੰਘ, ਇਤਿਹਾਸਕ ਲੈਕਚਰਜ਼, ਦੂਜੀ ਐਡੀਸ਼ਨ, ਪੰਨਾ ੧੪੮ ।

35. ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੧੯ ।

36. ਕੁਝ ਇਤਿਹਾਸਕਾਰਾਂ ਨੇ ਪਿੰਡ ਖੋਪਰਾਂ ਲਿਖਿਆ ਹੈ ਪਰ ਡਾ: ਗੰਡਾ ਸਿੰਘ ਨੇ ਗੱਖੜੀ ਲਿਖਿਆ ਹੈ ।

37. ਅਲੀ-ਉ-ਦੀਨ 'ਇਬਰਤਨਾਮਾ', ਜਿਸ ਦਾ ਹਵਾਲਾ ਡਾ: ਗੰਡਾ ਸਿੰਘ ਨੇ ਦਿਤਾ ਹੈ, ਦੇਖੋ ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੧੯ ।

38. ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੭੪-੭੫ ।

39. ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਸੰਪਾਦਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਪੰਨਾ ੨੨੭੩ (ਇਸ ਅਗੋਂ ਜਿਥੇ ਵੀ ਸ੍ਰੀ ਗੁਰੂ ਪੰਥ ਪ੍ਰਕਾਸ਼ ਦਾ ਹਵਾਲਾ



Digitized by Panjab Digital Library | www.panjabdigilib.org

ਹੈ ਉਹ ਇਸੇ ਚੌਥੇ ਭਾਗ ਦਾ ਹੈ) ।

40. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ ਪੰਨਾ ੨੨੭੩ ।

41. ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੭੫ ।

42. ਦੇਖੋ ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੨੦ ।

43. ਡਾ: ਗੰਡਾ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ ਲਿਖਦੇ ਹਨ ਕਿ ਭਾਈ ਨਿਬਾਹੂ ਸਿੰਘ ਹਾਥੀ ਦੀ ਪੂਛ ਪੜ ਕੇ ਉਪਰ ਜਾ ਚੜ੍ਹਿਆ ਤੇ ਹੌਦੇ ਵਿਚ ਸਵਾਰ ਜਸਪਤ ਰਾਏ ਦਾ ਤੇਗੇ ਦੇ ਇਕੋ ਵਾਰ ਨਾਲ ਹੀ ਸਿਰ ਧੜ ਤੋਂ ਵਖ ਕਰ ਦਿੱਤਾ । ਦੇਖੋ ਮਹਾਰਾਜਾ ਕੌੜਾ ਮਲ ਬਹਾਦਰ ਪੰਨਾ ੨੧ ਤੇ ਇਤਿਹਾਸਿਕ ਲੈਕਚਰਜ਼ ਪੰਨਾ ੧੪੯ । ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਜਸਪਤ ਰਾਏ ਹਾਥੀ ਤੇ ਚੜ੍ਹ ਕੇ ਬੜੀ ਠਾਠ ਨਾਲ ਸ਼ਹਿਰੋਂ ਬਾਹਰ ਆਇਆ । ਉਸ ਨਾਲ ਉਸ ਦੇ ਸਾਥੀ ਤੇ ਹੋਰ ਅਹਿਲਕਾਰ ਵੀ ਸਨ । ਸਿੰਘਾਂ ਨੇ ਵੇਖਦੇ ਹੀ ਉਸ ਨੂੰ ਚੁਫੇਰਿਓਂ ਘੇਰ ਲਿਆ । ਹਾਥੀ ਨੂੰ ਬਿਠਾ ਕੇ ਜਸਪਤ ਨੂੰ ਕਟ ਕੇ ਹੇਠਾਂ ਸੁਟ ਦਿਤਾ । ਉਸ ਦੇ ਨਾਲ ਜੋ ਸਾਥੀ ਆਦਿ ਸਨ ਉਹ ਡਰ ਕੇ ਭਜ ਗਏ । (ਦੇਖੋ ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਪੰਨਾ ੨੨੭੩-੭੫) ।

44. ਖੁਸ਼ਵਕਤ ਰਾਏ, ਤਾਰੀਖਿ ਸਿੱਖਾਂ, ਪੰਨਾ ੫੯ (ਜਿਸ ਦਾ ਹਵਾਲਾ ਡਾ: ਗੰਡਾ ਸਿੰਘ ਨੇ ਦਿਤਾ ਹੈ । ਦੇਖੋ ਮਹਾਰਾਜਾ ਕੌੜਾ ਮਲ ਬਹਾਦਰ ਪੰਨਾ ੨੧) ।

45. ਮਹਾਨ ਕੋਸ਼ ਅਨੁਸਾਰ ਇਹ ਜਸਪਤ ਰਾਏ ਦਾ ਕੁਲ ਗੁਰੂ ਸੀ । ਡਾ: ਗੰਡਾ ਸਿੰਘ ਨੇ ਲਖਪਤ ਰਾਏ ਦੇ ਗੁਸਾਈਆਂ ਦੇ ਗੁਰੂ ਦਾ ਨਾਮ ਜਗਤ ਭਗਤ ਲਿਖਿਆ ਹੈ । ਦੇਖੋ ਨੋਟ ੫੧ ।

46. ਅਲੀ-ਉ-ਦੀਨ ਦੇ ਇਬਰਤਨਾਮੇ ਅਨੁਸਾਰ ਇਹ ਲੜਾਈ ਰੋੜੀ ਸਾਹਿਬ ਏਮਨਾਬਾਦ ਹੋਈ, ਜਦੋਂ ਕਿ ਸਿੰਘ ਲੰਗਰ ਛਕ ਰਹੇ ਸਨ । ਉਸ ਅਨੁਸਾਰ ਜਸਪਤ ਦਾ ਕਤਲ ਵੀ ਉਥੇ ਹੀ ਹੋਇਆ । ਪਰ ਇਹ ਠੀਕ ਨਹੀਂ ਜਾਪਦਾ । ਜਸਪਤ ਦੇ ਭਰਾ ਲਖਪਤ ਨੇ ਉਸ ਦੀ ਸਮਾਧ ਬੱਦੋਕੀ ਗੁਸਾਈਆ ਕੋਲ ਬਣਵਾਈ, (ਦੇਖੋ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼) ਜੋ ਕਿ ਪਾਕਿਸਤਾਨ ਬਣਨ ਤਕ ਮੌਜੂਦ ਸੀ । ਬੱਦੋਕੀ ਜ਼ਿਲਾ ਗੁਜਰਾਂਵਾਲਾ ਵਿਚ ਹੈ ।

47. ਦੇਖੋ ਫੁਲਵਾੜੀ ਮਾਸਕ ਰਸਾਲਾ, ਅਕਤੂਬਰ ੧੯੨੮ ।

48. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਪੰਨਾ ੨੨੭੪ ।

49. ਡਾ: ਗੰਡਾ ਸਿੰਘ ਅਨੁਸਾਰ ਲਖਪਤ ਰਾਏ ਨੇ ਪੱਗ ਲਾਹ ਕੇ ਯਾਹੀਯਾ ਖਾਨ ਦੇ ਪੈਰਾਂ ਤੇ ਸੁਟੀ (ਦੇਖੋ ਮਹਾਰਾਜਾ ਕੌੜਾ ਮਲ ਬਹਾਦਰ ਪੰਨਾ ੨੧) ਪਰ ਗਿਆਨੀ ਗਿਆਨ ਸਿੰਘ ਅਨੁਸਾਰ ਉਹ ਨਵਾਬ ਕੋਲ ਗਿਆ ਤੇ ਫਿਰ ਪਗ ਲਾਹ ਕੇ ਆਖਿਆ ਕਿ "ਜਾਇ ਕੇ ਨਵਾਬ ਪੈ, ਉਤਾਰ ਪਾਗ ਕਹਯੋ ਲਖੂ, ਮੈਂ ਨ ਧਰੋਂ ਪਾਗ ਬਿਨ ਸਿੰਘਨ ਕੇ ਹਰਯੋ ਹੈ" (ਦੇਖੋ ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ ਪੰਨਾ ੨੨੭੪ ।)



Digitized by Panjab Digital Library | www.panjabdigilib.org

50. ਦੇਖੋ ਇਬਰਤਨਾਮਾ ਪੰਨਾ ੨੩੦-੩੧, (ਜਿਸ ਦਾ ਹਵਾਲਾ ਡਾ: ਗੰਡਾ ਸਿੰਘ ਨੇ ਮਹਾਰਾਜਾ ਕੌੜਾ ਮਲ ਬਹਾਦਰ ਵਿਚ ਦਿੱਤਾ ਹੈ, ਦੇਖੋ ਪੰਨਾ ੨੧) ।

51. ਜਾਪਦਾ ਹੈ ਕਿ ਜਗਤ ਭਗਤ ਨੂੰ ਲਖਪਤ ਗੁਰੂ ਮੰਨਦਾ ਸੀ, ਪਰ ਇਨ੍ਹਾਂ ਦਾ ਕੁਲ ਗੁਰੂ ਕਿਰਪਾ ਰਾਮ ਗੁਸਾਈਂ ਸੀ । ਦੇਖੋ ਨੋਟ ੪੫ ।

52. ਡਾ: ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੨੩ ।

53. ਦੇਖੋ ਮਹਾਰਾਜਾ ਕੌੜਾ ਮਲ ਬਹਾਦਰ, ਪੰਨਾ ੨੩ ।

54. ਡਾ: ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੨੪੦, ਵਿਸਥਾਰ ਲਈ ਦੇਖੋ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੩੭੬ ਤੋਂ ੩੭੮ ਤਕ

55. ਡਾ: ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੨੨ ।

56. ਡਾ: ਗੰਡਾ ਸਿੰਘ, ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੨੨ ਜਿਥੇ ਕਿ ਉਨ੍ਹਾਂ ਨੇ ਇਸ ਸਾਰੇ ਉਪਰ ਕਥਿਤ ਦਰਦਨਾਕ ਵਾਕਿਆ, ਅਲੀ-ਉ-ਦੀਨ ਦੇ ਇਬਰਤ ਨਾਮੇ, ਲਤੀਫ ਦੀ ਹਿਸਟਰੀ ਆਫ ਪੰਜਾਬ, ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਆਦਿ ਦੇ ਹਵਾਲੇ ਦਿਤੇ ਹਨ ।

57. ਦੇਖੋ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੭੬-੭੭ ਤੇ ਗਿਆਨ ਸਿੰਘ, ਸ਼ਮਸ਼ੇਰ ਸਿੰਘ ਖਾਲਸਾ ਪੰਨਾ ੧੦੨-੩ ।

58. ਜੰਮੂ ਦੀ ਜਸਰੋਟਾ ਤਹਿਸੀਲ ਵਿਚ ਰਾਵੀ ਦੇ ਸੱਜੇ ਕਿਨਾਰੇ ਇਕ ਨਗਰ ਜੋ ਪੁਰਾਣੀ ਪਹਾੜੀ ਰਿਆਸਤ ਸੀ । ਇਥੋਂ ਦਾ ਰਾਜਾ ਗੁਰੂ ਗੋਬਿੰਦ ਸਿੰਘ ਜੀ ਦਾ ਸਾਦਿਕ ਸੀ । (ਮਹਾਨ ਕੋਸ਼, ਪੰਨਾ ੩੧੮) ਸਿਖਾਂ ਨੇ ਇਹ ਇਲਾਕਾ ਆਪਣੇ ਲਈ ਸੁਰਖਿਅਤ ਸਮਝਿਆ ।

59. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਪੰਨਾ ੨੨੮੪-੮੫ ।

60. ਤੇਜਾ ਸਿੰਘ ਤੇ ਗੰਡਾ ਸਿੰਘ, ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼ ਪੰਨਾ ੧੩੨ ।

61. ਪ੍ਰਤਾਪ ਸਿੰਘ ਗਿਆਨੀ, ਇਤਿਹਾਸਕ ਲੈਕਚਰਜ਼ ਪੰਨਾ ੧੫੦-੫੧ ।
ਵਿਸਥਾਰ ਲਈ ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੭੬-੭੮ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੨੨੮੦-੮੪ ।

62. ਵਿਸਥਾਰ ਲਈ ਦੇਖੋ ਗਿਆਨੀ ਗਿਆਨ ਸਿੰਘ ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੨੨੭੬-੮੦ ।

63. ਗੰਡਾ ਸਿੰਘ ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੨੫ ।

64. ਵਿਸਥਾਰ ਲਈ ਦੇਖੋ ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ ਪੰਨੇ ੨੨੮੪-੮੬ ।

65. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਪੰਨਾ ੨੨੮੭ ।

66. ਗਿਆਨੀ ਪ੍ਰਤਾਪ ਸਿੰਘ, ਇਤਿਹਾਸਕ ਲੈਕਚਰਜ਼, ਪੰਨਾ ੧੫੨ ।

67. ਦੇਖੋ ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼, ਪੰਨਾ ੧੩੩ ।



Digitized by Panjab Digital Library | www.panjabdigilib.org

68. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨੇ ੨੨੯੨-੯੭ ।

69. ਡਾ: ਗੰਡਾ ਸਿੰਘ ਮਹਾਰਾਜਾ ਕੌੜਾ ਮਲ ਬਹਾਦੁਰ, ਪੰਨਾ ੨੫ ।

70. ਰਤਨ ਸਿੰਘ ਭੰਗੂ ਮਰਨ ਵਾਲੇ ਸਿੰਘਾਂ ਦੀ ਗਿਣਤੀ ਚਾਲੀ ਹਜ਼ਾਰ ਲਿਖਦਾ ਹੈ (ਦੇਖੋ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੩੯੪) ਪਰ ਇਹ ਗਿਣਤੀ ਬਹੁਤ ਵੱਧ ਜਾਪਦੀ ਹੈ ।

71. ਪ੍ਰਤਾਪ ਸਿੰਘ, ਇਤਿਹਾਸਕ ਲੈਕਚਰਜ਼, ਪੰਨਾ ੧੫੧ ।

72. ਤੇਜਾ ਸਿੰਘ, ਗੰਡਾ ਸਿੰਘ, ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼, ਪੰਨਾ ੧੩੩ ।

73. ਇਥੇ ਕੁਝ ਦੇਰ ਠਹਿਰ ਕੇ ਫਿਰ ਜਦ ਭਾਈ ਸੁਖਾ ਸਿੰਘ ਤੇ ਉਨ੍ਹਾਂ ਦੇ ਦੋ ਕੁ ਹਜ਼ਾਰ ਸਾਥੀ ਮਾਲਵੇ ਪੁਜੇ, ਉਥੋਂ ਦੇ ਸਿਖਾਂ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ । ਭਾਈ ਸੁਖਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਜ਼ਖਮਾਂ ਦੀ ਮਰ੍ਹਮ ਪੱਟੀ ਕੀਤੀ ਗਈ । ਜਦ ਉਹ ਰਾਜ਼ੀ ਹੋ ਗਏ ਤਾਂ ਮੁੜ ਪੰਥ ਸੇਵਾ ਵਿਚ ਜੁਟ ਪਏ । ਇੰਜ ਇਨ੍ਹਾਂ ਸੂਰਬੀਰਾਂ ਨੇ ਅਗਲੀਆਂ ਮੁਹਿੰਮਾਂ ਦੀ ਤਿਆਰੀ ਆਰੰਭ ਦਿਤੀ ।

74. ਤਾਰੀਖ ਮਖਜ਼ਨ ਪੰਜਾਬ, ਨਵਲ ਕਿਸ਼ੋਰ ਪ੍ਰੈਸ, ੧੮੭੭ ਈ:, ਪੰਨਾ ੬੬ ।

75. ਦੇਖੋ ਕਿਤਾਬ ਤਾਰੀਖਿ ਪੰਜਾਬ, ਪੰਨਾ ੬੧ ।

76. ਤੇਜਾ ਸਿੰਘ ਤੇ ਗੰਡਾ ਸਿੰਘ, ਏ ਸ਼ਾਰਟ ਹਿਸ਼ਟਰੀ ਆਫ ਦੀ ਸਿਖਜ਼ ਵਿਚ ਇਸ ਦੀ ਤਾਰੀਖ ੧ ਜੂਨ ੧੭੪੬ ਲਿਖੀ ਹੈ । ਰਤਨ ਸਿੰਘ ਭੰਗੂ ਨੇ ੨ ਜੇਠ ੧੮੦੩ ਬਿਕ੍ਰਮੀ, ਜੋ ਕਿ ਮਈ ੧੭੪੬ ਬਣਦੀ ਹੈ ।

77. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਗ ਚੌਥਾ, ਪੰਨਾ ੨੨੧੧ ।


Digitized by Panjab Digital Library | www.panjabdigilib.org

B-1553

Digitized by Panjab Digital Library | www.panjabdigilib.org

## ਮੁਫ਼ਤ ਭੇਟਾ

ਵਲੋਂ



ਸ: ਕਰਤਾਰ ਸਿੰਘ

ਮਾਲਕ, ਕਰਤਾਰ ਫਰਨੀਚਰ ਹਾਊਸ,

ਫਰਨੀਚਰ ਮਾਰਕੀਟ, ਸੈਕਟਰ 34, ਚੰਡੀਗੜ੍ਹ

ਚੇਅਰਮੈਨ, ਫਰਨੀਚਰ ਮਾਰਕੀਟ, ਸੈਕਟਰ 34, ਚੰਡੀਗੜ੍ਹ ।

ਪ੍ਰਧਾਨ, ਰਾਮਗੜ੍ਹੀਆ ਸਭਾ, ਚੰਡੀਗੜ੍ਹ ।

Digitized by Panjab Digital Library | www.panjabdigilib.org